ਸਿੱਖ ਵਿਹਾਰ

2051

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

https://archive.org/details/namdhari

ੴ ਵਾਹਿਗੁਰੂ ਜੀ ਕੀ ਫ਼ਤਿਹ ॥

ਸਿੱਖ ਵਿਰਸਾ

ਗੁਰਬਾਣੀ, ਇਤਿਹਾਸ ਅਤੇ ਸਿੱਖ ਸੱਭਿਆਚਾਰ ਵਿਚੋਂ ਚੋਣਵੇਂ ਸਵਾਲਾਂ ਜਵਾਬਾਂ ਦਾ ਸੰਗ੍ਰਹਿ ਅਤੇ ਦੱਸ ਗੁਰੂ ਸਾਹਿਬਾਨ ਦਾ ਸੰਖੇਪ ਜੀਵਨ ਬਿਉਰਾ

ਸੰਗ੍ਰਹਿ ਕਰਤਾ :

ਸਤਿਨਾਮ ਸਿੰਘ 'ਨਿਮਾਣਾ'

ਪ੍ਰਕਾਸ਼ਕ

ਅਕਾਲ ਖ਼ਾਲਸਾ ਵੈਲਫੇਅਰ ਸੁਸਾਇਟੀ

ਮੁੱਖ ਦਫ਼ਤਰ : ਗੁਰਦੁਆਰਾ ਗੁਰੂ ਅਰਜਨ ਦੇਵ ਨਗਰ,
ਸਮਰਾਲਾ ਚੌਂਕ, ਲੁਧਿਆਣਾ ਫੋਨ: 669823

ਪੰਜਵਾਂ ਐਡੀਸ਼ਨ 1997 ਸਹਾਇਤਾ ਭੇਟਾ : 6 ਰੁਪਏ

Sri Satguru Jagjit Singh Ji eLibrary NamdhariElibrary@gmail.com

ਤੀਸਰੀ ਐਡੀਸ਼ਨ ਆਉਣ ਤੇ

ਸਿਵਾਇ ਗੁਰੂ ਮਹਾਰਾਜ ਦੇ ਧੰਨਵਾਦ ਦੇ ਹੋਰ ਕੋਈ ਸ਼ਬਦ ਮੁੱਖ ਵਿਚੋਂ ਨਹੀਂ ਨਿਕਲਦਾ ਜੋ ਉਹਨਾਂ ਦੀ ਕਿਰਪਾ ਦ੍ਰਿਸ਼ਟੀ ਸਦਕਾ ਸਿੱਖ ਵਿਰਸਾ ਦੀਆਂ ਪਿਛਲੀਆਂ ਚਾਰ ਐਡੀਸ਼ਨਾਂ ਪਾਠਕਾਂ ਵਲੋਂ ਸਲਾਹੀਆਂ ਗਈਆਂ। ਧੰਨਵਾਦ ਹੈ ਉਹਨਾਂ ਗੁਰਸਿੱਖ ਵੀਰਾਂ ਦਾ ਜਿਹਨਾਂ ਨੇ ਰਹਿ ਗਈਆਂ ਉਕਾਈਆਂ ਨੂੰ ਸਾਹਮਣੇ ਲਿਆਂਦਾ, ਜਿਸ ਅਨੁਸਾਰ ਪੰਜਵੇ ਐਡੀਸ਼ਨ ਵਿਚ ਸੋਧ ਕਰਕੇ ਛਾਪਣ ਦੀ ਖੁਸ਼ੀ ਮਹਿਸੂਸ ਕਰ ਰਹੇ ਹਾਂ। ਆਸ ਹੈ ਪਾਠਕ ਜਨ ਪਸੰਦ ਕਰਦੇ ਹੋਏ ਸੋਧ ਬਖਸ਼ਣਗੇ । ਵਾਹਿਗੁਰੂ ਕਿਰਪਾ ਦ੍ਰਿਸ਼ਟੀ ਰੱਖੇ ।

ਮਈ 1997 ਸਤਿਨਾਮ ਸਿੰਘ 'ਨਿਮਾਣਾ'

1991 ਤੋਂ 1995 ਚਾਰ ਐਡੀਸ਼ਨ	8000 ਕਾਪੀ
ਪੰਜਵਾਂ ਐਡੀਸ਼ਨ 1997	5000 ਕਾਪੀ

Sri Satguru Jagjit Singh Ji eLibrary NamdhariElibrary@gmail.com

ਗੁਰੂ ਇਤਿਹਾਸ

(ੳ) ਗੁਰੂ ਨਾਨਕ ਦੇਵ ਸਾਹਿਬ ਜੀ

1. ਸਿੱਖ ਧਰਮ ਦੇ ਬਾਨੀ ਕੌਣ ਹਨ ?
— ਗੁਰੂ ਨਾਨਕ ਦੇਵ ਜੀ ।
2. ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ?
— 1469 ਈ: ਨੂੰ ਰਾਇ ਭੋਇੰ ਦੀ ਤਲਵੰਡੀ (ਪਾਕਿਸਤਾਨ) ਵਿਚ ।
3. ਗੁਰੂ ਨਾਨਕ ਦੇਵ ਜੀ ਦੇ ਮਾਤਾ-ਪਿਤਾ ਦਾ ਕੀ ਨਾਮ ਸੀ ?
— ਮਾਤਾ ਜੀ ਦਾ ਨਾਮ ਤ੍ਰਿਪਤਾ ਜੀ ਤੇ ਪਿਤਾ ਜੀ ਦਾ ਨਾਮ ਮਹਿਤਾ ਜੀ ਸੀ ।
4. ਜਦੋਂ ਪੰਜ ਸਾਲ ਦੀ ਉਮਰ ਵਿਚ ਗੁਰੂ ਨਾਨਕ ਦੇਵ ਜੀ ਨੂੰ ਪਾਂਧੇ ਪ ਪੜ੍ਹਨ ਲਈ ਭੇਜਿਆ ਤਾਂ ਆਪ ਨੇ ਫੱਟੀ ਉੱਤੇ ਕਿਹੜਾ ਅੱਖਰ ਲਿ
— ੴ
5. ੴ ਦਾ ਅੱਖਰੀ ਅਰਥ ਕੀ ਹੈ ?
— ਪ੍ਰਮਾਤਮਾ ਇਕ ਹੈ ।
6. ਕੀ ਆਪਣੀ ਕੁਲ ਦੀ ਰੀਤ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਜ ਪਾਇਆ ਸੀ ?
— ਨਹੀਂ ।
7. ਪਿਤਾ ਜੀ ਦੁਆਰਾ ਦਿੱਤੇ ਵੀਹ ਰੁਪਏ ਨਾਲ ਗੁਰੂ ਨਾਨਕ ਦੇਵ ਜੀ ਕਿਹੜਾ ਵਪਾਰ ਕੀਤਾ ?
— ਆਪ ਉਸ ਰਕਮ ਨਾਲ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਸੱਚਾ ਸੌ ਕਰ ਆਏ ।
8. ਸੁਲਤਾਨਪੁਰ ਲੋਧੀ ਗੁਰੂ ਨਾਨਕ ਦੇਵ ਜੀ ਕਿਸ ਪਾਸ ਗਏ ਸਨ ?
— ਆਪਣੀ ਭੈਣ ਬੇਬੇ ਨਾਨਕੀ ਜੀ ਪਾਸ ।
9. ਗੁਰੂ ਨਾਨਕ ਦੇਵ ਜੀ ਦਾ ਵਿਆਹ ਕਦੋਂ, ਕਿੱਥੇ ਅਤੇ ਕਿਸ ਹੋਇਆ ?
— ਆਪ ਜੀ ਦਾ ਵਿਆਹ 15 ਸਾਲ ਦੀ ਉਮਰ ਵਿਚ ਬਟਾਲੇ ਸ਼ਹਿਰ ਖੱਤਰੀ ਦੀ ਧੀ ਬੀਬੀ ਸੁਲੱਖਣੀ ਜੀ ਨਾਲ ਹੋਇਆ ।
10. ਗੁਰੂ ਨਾਨਕ ਦੇਵ ਜੀ ਦੇ ਪੁੱਤਰਾਂ ਦਾ ਕੀ ਨਾਮ ਸੀ ?

Sri Satguru Jagjit Singh Ji eLibrary NamdhariElibrary@gmail.com

— ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ ।

11. ਸੁਲਤਾਨਪੁਰ ਲੋਧੀ ਆ ਕੇ ਗੁਰੂ ਨਾਨਕ ਦੇਵ ਜੀ ਨੇ ਕੀ ਕੰਮ ਕੀਤਾ ?

— ਨਵਾਬ ਦੌਲਤ ਖਾਨ ਦੇ ਮੋਦੀ ਖਾਨੇ ਵਿਚ ਮੋਦੀ ਬਣਕੇ ਨੌਕਰੀ ਕੀਤੀ ਸੀ ?

12. ਗੁਰੂ ਨਾਨਕ ਦੇਵ ਜੀ ਦੀ 'ਤੇਰਾ ਤੇਰਾ' ਵਾਲੀ ਧਾਰਨਾ ਤੋਂ ਕੀ ਭਾਵ ਹੈ?

— 'ਤੇਰਾ ਤੇਰਾ' ਦੀ ਧਾਰਨਾ ਤੋਂ ਭਾਵ ਹੈ ਕਿ ਹੇ ਪ੍ਰਮਾਤਮਾ ਸਭ ਕੁਝ ਤੇਰਾ ਹੀ ਹੈ ।ਆਪ ਜਦੋਂ ਮੋਦੀ ਬਣ ਕੇ ਲੋਕਾਂ ਨੂੰ ਰਸਦ ਵੰਡਦੇ ਸਨ ਤਾਂ ਬਿਨਾਂ ਕਿਸੇ ਭੇਦ ਦੇ 'ਤੇਰਾ ਤੇਰਾ' ਕਰਦੇ ਹੋਏ ਬਰਾਬਰ ਵੰਡੀ ਜਾਂਦੇ ਸਨ ।

13. ਗੁਰੂ ਨਾਨਕ ਦੇਵ ਜੀ ਨੇ ਕਿੰਨੀਆਂ ਉਦਾਸੀਆਂ ਕੀਤੀਆਂ ?

— ਚਾਰ ਉਦਾਸੀਆਂ ।

14. ਉਦਾਸੀ ਤੋਂ ਕੀ ਭਾਵ ਹੈ ?

— ਧਰਮ ਪ੍ਰਚਾਰ ਹਿਤ ਦੂਰ-ਦੁਰਾਡੇ ਜਾਣਾ ।

15. ਪਹਿਲੀ ਉਦਾਸੀ ਵਿਚ ਗੁਰੂ ਨਾਨਕ ਦੇਵ ਜੀ ਕਿੱਥੇ ਗਏ ?

— ਹਰਦੁਆਰ ਲਾਹੌਰ, ਅਯੁਧਿਆ, ਪ੍ਰਯਾਗ ,ਬੰਗਾਲ, ਉਜੈਨ ਜਗਨਨਾਥ ਪੁਰੀ ਆਦਿ ।

16. ਗੁਰੂ ਨਾਨਕ ਦੇਵ ਜੀ ਨੇ ਹਰਦੁਆਰ ਵਿਖੇ ਕੀ ਉਪਦੇਸ਼ ਦਿੱਤਾ ?

— ਆਪ ਨੇ ਪਾਂਡਿਆਂ ਤੋਂ ਉਲਟ ਪੂਰਬ ਦੀ ਬਜਾਏ ਪੱਛਮ ਵਲ ਪਾਣੀ ਦੇ ਕੇ ਇਹ ਉਪਦੇਸ਼ ਦਿੱਤਾ ਕਿ ਮਰਨ ਉਪਰੰਤ ਪਿਤਰ ਪੂਜਣ ਦਾ ਕੋਈ ਲਾਭ ਨਹੀਂ ।

17. ਗੁਰੂ ਨਾਨਕ ਦੇਵ ਜੀ ਚੌਥੀ ਉਦਾਸੀ ਵਿਚ ਕਿਥੇ ਗਏ ਸਨ ?

— ਮੱਕਾ ਮਦੀਨਾ ।

18. ਗੁਰੂ ਨਾਨਕ ਦੇਵ ਜੀ ਮੱਕੇ ਵੱਲ ਲੱਤਾਂ ਕਰਕੇ ਕਿਉਂ ਸੌਂ ਗਏ ਸਨ ?

— ਮੁਸਲਮਾਨ ਮੱਤ ਦਾ ਵਿਚਾਰ ਸੀ ਕਿ ਜਿਸ ਪਾਸੇ ਮੱਕਾ ਹੈ ਪ੍ਰਮਾਤਮਾ ਉਸ ਦਿਸ਼ਾ ਵਲ ਵਸਦਾ ਹੈ ।ਮੱਕੇ ਵਲ ਲੱਤਾਂ ਕਰਕੇ ਗੁਰੂ ਸਾਹਿਬ ਨੇ ਇਹ ਦਰਸਾਇਆ ਕਿ ਪ੍ਰਮਾਤਮਾ ਕਿਸੇ ਵਿਸ਼ੇਸ਼ ਦਿਸ਼ਾ ਵੱਲ ਵਸਣ ਦੀ ਬਜਾਏ ਚਾਰੇ ਦਿਸ਼ਾਵਾਂ ਵਿਚ ਵਸਦਾ ਹੈ ।

19. ਗੁਰੂ ਨਾਨਕ ਦੇਵ ਜੀ ਨੇ ਮਲਿਕ ਭਾਗੋ ਦਾ ਹੰਕਾਰ ਕਿਵੇਂ ਤੋੜਿਆ ?

— ਮਲਿਕ ਭਾਗੋ ਦੇ ਮਾਲ੍ਹ ਪੂੜਿਆਂ ਵਿਚੋਂ ਲਹੂ ਅਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿਚੋਂ ਦੁੱਧ ਕੱਢਕੇ ।

20. ਭਾਈ ਲਾਲੋ ਕਿਸ ਕਿੱਤੇ ਨਾਲ ਸੰਬੰਧਤ ਸੀ ?

— ਤਰਖਾਣ ।

21. ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਨਾਲ ਕੀ ਕਰਦਾ ਸੀ ?

— ਰਬਾਬ-ਵਜਾਉਣ ਦੀ ਸੇਵਾ, ਜਦੋਂ ਗੁਰੂ ਸਾਹਿਬ ਕੀਰਤਨ ਕਰਦੇ ਸਨ ।

Sri Satguru Jagjit Singh Ji eLibrary NamdhariElibrary@gmail.com

22. ਭਾਈ ਮਰਦਾਨਾ ਕਿਸ ਜਾਤ ਨਾਲ ਸੰਬੰਧਤ ਸੀ ?
— ਮਰਾਸੀ ਮੁਸਲਮਾਨ ।
23. ਗੁਰੂ ਨਾਨਕ ਦੇਵ ਜੀ ਦਾ ਪਹਿਲਾ ਮੁਸਲਮਾਨ ਸ਼ਰਧਾਲੂ ਕੌਣ ਸੀ ?
— ਰਾਇ ਬੁਲਾਰ।
24. ਗੁਰੂ ਨਾਨਕ ਦੇਵ ਜੀ ਦਾ ਗੁਰੂ ਕੌਣ ਸੀ ?
— ਸ਼ਬਦ ਗੁਰੂ (ਪਾਰਬ੍ਰਹਮ ਪਰਮੇਸ਼ਵਰ ਉਹਨਾਂ ਦੇ ਗੁਰੂ ਸਨ)
25. ਜਪੁਜੀ ਸਾਹਿਬ ਦੀ ਬਾਣੀ ਕਿਸ ਗੁਰੂ ਸਾਹਿਬ ਨੇ ਉਚਾਰੀ ਤੇ ਇਸ ਦੀਆਂ ਕਿੰਨੀਆਂ ਪਉੜੀਆਂ ਹਨ ?
— ਗੁਰੂ ਨਾਨਕ ਦੇਵ ਜੀ ਨੇ ਉਚਾਰੀ ਅਤੇ ਇਸ ਦੀਆਂ 38 ਪਉੜੀਆਂ ਤੇ ਦੋ ਸਲੋਕ ਹਨ । ਅਰੰਭ ਵਿਚ ਮੂਲ ਮੰਤਰ ਹੈ ।
26. ਗੁਰੂ ਨਾਨਕ ਦੇਵ ਜੀ ਨੇ ਕਿਹੜਾ ਨਗਰ ਵਸਾਇਆ ?
— ਰਾਵੀ ਦੇ ਕੰਢੇ ਤੇ ਕਰਤਾਰਪੁਰ ਵਸਾਇਆ ।
27. ਕਰਤਾਰਪੁਰ ਆ ਕੇ ਗੁਰੂ ਨਾਨਕ ਦੇਵ ਜੀ ਨੇ ਕਿਸ ਕਿੱਤੇ ਨੂੰ ਅਪਣਾਇਆ?
— ਖੇਤੀਬਾੜੀ ।
28. ਕੀ ਗੁਰੂ ਨਾਨਕ ਦੇਵ ਜੀ ਅਚਲ ਵਟਾਲੇ ਸ਼ਿਵਰਾਤਰੀ ਦਾ ਮੇਲਾ ਦੇਖਣ ਗਏ ਸਨ ?
— ਨਹੀਂ, ਜੋਗੀਆਂ ਤੇ ਸਾਧਾਂ ਦਾ ਪਖੰਡ ਲੋਕਾਂ ਵਿਚ ਨੰਗਿਆਂ ਕਰਨ ।
29. ਅਕਾਲ ਪੁਰਖ ਦੀ ਸੱਚੀ ਆਰਤੀ ਗੁਰੂ ਨਾਨਕ ਦੇਵ ਜੀ ਨੇ ਕਿੱਥੇ ਕੀਤੀ ਸੀ?
— ਜਗਨਨਾਥ ਪੁਰੀ ਵਿਚ
30. 'ਸਿਧਿ ਗੋਸਟਿ' ਬਾਣੀ ਰਚਨਾ ਕਿਸ ਦੀ ਹੈ ?
— ਗੁਰੂ ਨਾਨਕ ਦੇਵ ਜੀ ਦੀ ।
31. ਬਗਦਾਦ ਵਿਚ ਪੀਰ ਦੇ ਲੜਕੇ ਨੂੰ ਗੁਰੂ ਨਾਨਕ ਦੇਵ ਜੀ ਨੇ ਕੀ ਦਿਖਾਇਆ ਸੀ ?
— ਲੱਖਾਂ ਹੀ ਪਾਤਾਲ ਅਤੇ ਲੱਖਾਂ ਹੀ ਆਕਾਸ਼ ।
32. ਮੁਸਲਮਾਨਾਂ ਦੇ ਮੁਖੀ ਨੇ ਜਦੋਂ ਗੁਰੂ ਨਾਨਕ ਦੇਵ ਜੀ ਨੂੰ ਪੁਛਿਆ ਕਿ ਹਿੰਦੂ ਵੱਡਾ ਹੈ ਜਾਂ ਮੁਸਲਮਾਨ ਤਾਂ ਉਹਨਾਂ ਨੇ ਕੀ ਉੱਤਰ ਦਿੱਤਾ ਸੀ ?
— 'ਸ਼ੁਭ ਅਮਲਾਂ ਬਾਝੋਂ ਦੋਨੋ ਰੋਈਂ' ਭਾਵ ਚੰਗੇ ਕਾਰਜ ਕਰਨ ਵਾਲਾ ਹੀ ਵੱਡਾ ਹੈ ।
33. ਗੁਰੂ ਨਾਨਕ ਦੇਵ ਜੀ ਸਭ ਦੇ ਸਾਂਝੇ ਗੁਰੂ ਕਿਵੇਂ ਸਨ ?
— ਕਿਉਂਕਿ ਉਹਨਾਂ ਦੀ ਵਿਚਾਰਧਾਰਾ ਸਮੁੱਚੇ ਸੰਸਾਰ ਲਈ ਸੀ ।
34. ਗੁਰੂ ਨਾਨਕ ਦੇਵ ਜੀ ਜੋਤੀ ਜੋਤਿ ਕਦੋਂ ਸਮਾਏ ?
— 1539 ਈ: ਵਿਚ ਕਰਤਾਰਪੁਰ ਵਿਖੇ ।
35. ਸੰਨ 1539 ਵਿਚ ਇਤਿਹਾਸ ਵਿਚ ਕੀ ਵਿਸ਼ੇਸ਼ ਘਟਨਾ ਵਾਪਰੀ ?

Sri Satguru Jagjit Singh Ji eLibrary NamdhariElibrary@gmail.com

— ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ ਨੂੰ ਛੱਡ ਕੇ ਭਾਈ ਲਹਿਣੇ ਅੱਗੇ ਮੱਥਾ ਟੇਕ ਕੇ ਉਹਨਾਂ ਨੂੰ ਗੁਰੂ ਅੰਗਦ ਦੇਵ ਬਣਾ ਕੇ ਗੁਰਗੱਦੀ ਬਖਸ਼ ਦਿੱਤੀ।

ਗੁਰੂ ਅੰਗਦ ਦੇਵ ਸਾਹਿਬ ਜੀ—

1. ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਕਦੋਂ ਅਤੇ ਕਿੱਥੇ ਹੋਇਆ ?
— 31 ਮਾਰਚ-1504 ਈ: ਨੂੰ ਮਤੇ ਦੀ ਸਰਾਂ (ਹਰੀਕੇ ਫਿਰੋਜ਼ਪੁਰ) ਵਿਖੇ ।
2. ਗੁਰੂ ਅੰਗਦ ਦੇਵ ਜੀ ਦੇ ਮਾਤਾ-ਪਿਤਾ ਦਾ ਕੀ ਨਾਮ ਸੀ ?
— ਮਾਤਾ ਦਾ ਨਾਮ ਰਾਮੋ ਜੀ ਸੀ ਤੇ ਪਿਤਾ ਦਾ ਨਾਮ ਫੇਰੂ ਮੱਲ ਸੀ ।
3. ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ ਕੀ ਸੀ ?
— ਭਾਈ ਲਹਿਣਾ ਜੀ ।
4. ਗੁਰੂ ਅੰਗਦ ਦੇਵ ਜੀ ਦੀ ਸੁਪਤਨੀ ਦਾ ਕੀ ਨਾਮ ਸੀ ?
— ਬੀਬੀ ਖੀਵੀ ਜੀ
5. ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੇਵ ਜੀ ਦੇ ਪਾਸ ਆਉਣ ਤੋਂ ਪਹਿਲਾਂ ਕਿਸਦੇ ਉਪਾਸ਼ਕ ਸਨ ?
— ਦੇਵੀ ਦੇ । ਜਿਥੇ ਉਹ ਹਰ ਸਾਲ ਆਪਣੇ ਪਿਤਾ ਜੀ ਵਾਂਗ ਜਥੇ ਦੇ ਮੋਹਰੀ ਬਣ ਕੇ ਜਾਇਆ ਕਰਦੇ ਸਨ ।
6. ਭਾਈ ਲਹਿਣਾ (ਗੁਰੂ ਅੰਗਦ ਦੇਵ) ਜੀ ਨੇ ਕਿਸ ਸਿੱਖ ਪਾਸੋਂ ਬਾਣੀ ਸੁਣੀ ਸੀ ਤੇ ਪ੍ਰਭਾਵਤ ਹੋਏ ਸਨ ?
— ਭਾਈ ਜੋਧ ਜੀ ਪਾਸੋਂ ।
7. ਕਰਤਾਰਪੁਰ ਛੱਡਣ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਨੇ ਕਿਸ ਥਾਂ ਨੂੰ ਪ੍ਰਚਾਰ ਲਈ ਚੁਣਿਆ ?
— ਖਡੂਰ ਸਾਹਿਬ ।
8. ਸਮੇਂ ਦਾ ਕਿਹੜਾ ਬਾਦਸ਼ਾਹ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਆਇਆ ਸੀ ?
— ਹਮਾਯੂੰ ।
9. ਗੁਰਗੱਦੀ ਤੇ ਬੈਠਣ ਸਮੇਂ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਜੀ ਪਾਸੋਂ ਕੀ ਮੰਗਿਆ ਸੀ ?
— ਪੋਥੀ ਤੇ ਕੀਰਤਨੀਆ ।
10. ਬੀਬੀ ਅਮਰੋ ਕੌਣ ਸੀ ?
— ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਜੋ ਗੁਰੂ ਅਮਰਦਾਸ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ ।

Sri Satguru Jagjit Singh Ji eLibrary NamdhariElibrary@gmail.com

11. ਗੁਰੂ ਅੰਗਦ ਦੇਵ ਜੀ ਦੇ ਸਪੁੱਤਰਾਂ ਦੇ ਨਾਂ ਦੱਸੋ ?
— ਦਾਤੂ ਜੀ ਤੇ ਦਾਸੂ ਜੀ ।
12. ਗੁਰੂ ਅੰਗਦ ਦੇਵ ਜੀ ਦੇ ਸਮੇਂ ਕਿਹੜਾ ਕੀਰਤਨੀਆਂ ਕੀਰਤਨ ਕਰਦਾ ਸੀ?
— ਭਾਈ ਬਲਵੰਡ ਜੀ ।
13. ਗੁਰਮੁਖੀ ਲਿਪੀ ਦੇ ਪ੍ਰਚਾਰ ਲਈ ਗੁਰੂ ਅੰਗਦ ਦੇਵ ਜੀ ਨੇ ਕੀ ਕੀਤਾ ?
— ਸਿੱਖਾਂ ਨੂੰ ਪੈਂਤੀ ਪੜਾਉਣ ਲਈ ਇਕ 'ਬਾਲ ਬੋਧ' ਲਿਖਿਆ ।
14. ਸਰੀਰ ਨੂੰ ਸਾਂਭਣ ਲਈ ਗੁਰੂ ਅੰਗਦ ਦੇਵ ਜੀ ਨੇ ਕੀ ਕੀਤਾ ?
— ਉਹਨਾਂ ਨੇ ਖਡੂਰ ਸਾਹਿਬ ਵਿਖੇ ਇਕ 'ਅਖਾੜਾ' (ਕੁਸ਼ਤੀਆਂ ਘੁਲਣ ਲਈ) ਬਣਾਇਆ, ਜਿਥੇ ਗੁਰੂ ਸਾਹਿਬ ਕੁਸ਼ਤੀਆਂ ਦੇਖਿਆ ਕਰਦੇ ਸਨ ਅਤੇ ਕੁਸ਼ਤੀਆਂ ਘੁਲਣ ਵਾਲਿਆਂ ਨੂੰ ਉਤਸ਼ਾਹ ਦੇਂਦੇ ਸਨ ।
15. ਗੁਰੂ ਅੰਗਦ ਦੇਵ ਜੀ ਸਮੇਂ ਲੰਗਰ ਦੀ ਕੀ ਹਾਲਤ ਸੀ ?
— ਮਾਤਾ ਖੀਵੀ ਜੀ ਆਪ ਲੰਗਰ ਦੀ ਸੇਵਾ ਸੰਭਾਲ ਕਰਦੇ ਸਨ । ਸੱਤੇ ਬਲਵੰਡ ਦੀ ਵਾਰ ਵਿਚ ਵੀ ਜ਼ਿਕਰ ਹੈ ਕਿ ਉਸ ਸਮੇਂ ਘਿਉ ਵਾਲੀ ਖੀਰ ਲੰਗਰ ਵਿਚ ਬਣਦੀ ਸੀ ।
16. ਗੁਰੂ ਅੰਗਦ ਦੇਵ ਜੀ ਨੇ ਗੁਰ ਗੱਦੀ ਕਿਸ ਨੂੰ ਦਿੱਤੀ ?
— ਗੁਰੂ ਅਮਰਦਾਸ ਜੀ ਨੂੰ ।
17. ਗੁਰੂ ਅੰਗਦ ਦੇਵ ਜੀ ਜੋਤੀ ਜੋਤ ਕਦੋਂ ਸਮਾਏ ?
— 29 ਮਾਰਚ 1552 ।

(ੲ) ਗੁਰੂ ਅਮਰਦਾਸ ਸਾਹਿਬ ਜੀ

1. ਗੁਰੂ ਅਮਰਦਾਸ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ?
— ਮਈ 1479 ਵਿਚ ਪਿੰਡ ਬਾਸਰਕੇ ਜ਼ਿਲਾ ਅੰਮ੍ਰਿਤਸਰ ।
2. ਗੁਰੂ ਅਮਰਦਾਸ ਜੀ ਦੇ ਮਾਤਾ ਪਿਤਾ ਦਾ ਕੀ ਨਾਮ ਸੀ ?
— ਮਾਤਾ ਸੁਲਖੱਣੀ ਤੇ ਪਿਤਾ ਤੇਜ਼ ਭਾਨ ਜੀ ।
3. ਗੁਰੂ ਅਮਰਦਾਸ ਜੀ ਨੂੰ ਖਡੂਰ ਸਾਹਿਬ ਗੁਰੂ ਅੰਗਦ ਦੇਵ ਜੀ ਪਾਸ ਕੌਣ ਲਿਆਇਆ ਸੀ ?
— ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ।
4. ਗੁਰੂ ਅਮਰਦਾਸ ਜੀ ਨੇ ਕਿੰਨੇ ਸਾਲ ਗੁਰੂ ਅੰਗਦ ਦੇਵ ਜੀ ਦੀ ਸੇਵਾ ਕੀਤੀ?
— ਬਿਰਧ ਅਵਸਥਾ ਵਿਚ 11 ਸਾਲ ਖਡੂਰ ਸਾਹਿਬ ਰਹਿ ਕੇ ਆਪ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਦੇ ਰਹੇ ।

Sri Satguru Jagjit Singh Ji eLibrary NamdhariElibrary@gmail.com

5. ਕਿਹੜੇ ਗੁਰੂ ਸਾਹਿਬ ਨੇ ਕਈ ਵਾਰ ਹਰਦੁਆਰ ਦੀ ਯਾਤਰਾ ਕੀਤੀ ?
— ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਧਾਰਨ ਤੋਂ ਪਹਿਲਾਂ।
6. ਕਿਹੜੀ ਸੇਵਾ ਗੁਰੂ ਅਮਰਦਾਸ ਜੀ ਨੇਮ ਨਾਲ ਨਿਭਾਉਂਦੇ ਸਨ ?
— ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਉਣ ਲਈ ਅੰਮ੍ਰਿਤ ਵੇਲੇ ਬਿਆਸਾ ਦਰਿਆ ਤੋਂ ਪਾਣੀ ਦੀ ਗਾਗਰ ਮੋਢੇ ਤੇ ਚੁੱਕ ਕੇ ਲਿਆਉਣ ਦੀ ।
7. ਗੋਇੰਦਵਾਲ ਸਾਹਿਬ ਵਿਖੇ ਬਉਲੀ ਸਾਹਿਬ ਕਿਹੜੇ ਗੁਰੂ ਸਾਹਿਬ ਨੇ ਬਣਵਾਈ ਸੀ?
— ਗੁਰੂ ਅਮਰਦਾਸ ਜੀ ਨੇ ।
8. ਬੀਬੀ ਭਾਨੀ ਜੀ ਕੌਣ ਸਨ ?
— ਗੁਰੂ ਰਾਮਦਾਸ ਜੀ ਦੀ ਸੁਪਤਨੀ ਤੇ ਗੁਰੂ ਅਮਰਦਾਸ ਜੀ ਦੀ ਸਪੁੱਤਰੀ ।
9. ਅਨੰਦ ਸਾਹਿਬ ਦੀ ਬਾਣੀ ਕਿਸ ਗੁਰੂ ਸਾਹਿਬ ਦੀ ਰਚਨਾ ਹੈ ?
— ਗੁਰੂ ਅਮਰਦਾਸ ਜੀ ਦੀ ।
10. ਅਨੰਦ ਸਾਹਿਬ ਦੀਆਂ ਕਿੰਨੀਆਂ ਪਉੜੀਆਂ ਹਨ ?
— ਚਾਲੀ ਪਉੜੀਆਂ ।
11. ਕਿਸ ਗੁਰੂ ਸਾਹਿਬ ਨੇ ਪਹਿਲੇ ਪੰਗਤ ਫਿਰ ਸੰਗਤ ਦੀ ਤਾਕੀਦ ਕੀਤੀ ?
— ਗੁਰੂ ਅਮਰਦਾਸ ਜੀ ਨੇ ।
12. ਪਹਿਲੇ ਪੰਗਤ ਪਾਛੈ ਸੰਗਤ ਦਾ ਹੁਕਮ ਕਰਨ ਤੋਂ ਗੁਰੂ ਅਮਰਦਾਸ ਜੀ ਦਾ ਕੀ ਭਾਵ ਸੀ ?
— ਤਾਂ ਜੋ ਜ਼ਾਤ-ਪਾਤ ਛੂਤ-ਛਾਤ ਨਾਲ ਜੋ ਇਨਸਾਨੀ ਈਰਖਾ ਪੈਦਾ ਹੋ ਗਈ ਹੈ ਉਹ ਦੂਰ ਹੋ ਸਕੇ ।
13. ਉਹ ਕਿਹੜਾ ਬਾਦਸ਼ਾਹ ਸੀ ਜਿਸ ਨੂੰ ਗੁਰੂ ਸਾਹਿਬ ਦੇ ਦਰਸ਼ਨ ਕਰਨ ਤੋਂ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਪਿਆ ?
— ਅਕਬਰ ਬਾਦਸ਼ਾਹ ।
14. ਗੁਰੂ ਅਮਰਦਾਸ ਜੀ ਨੇ ਕਿੰਨੇ ਰਾਗਾਂ ਵਿਚ ਬਾਣੀ ਉਚਾਰੀ ?
— ਸਤਾਰਾਂ ਰਾਗਾਂ ਵਿਚ ।
15. ਗੁਰੂ ਅਮਰਦਾਸ ਜੀ ਨੇ ਆਪਣੇ ਸਮੇਂ ਦੀਆਂ ਕਿਹੜੀਆਂ ਬੁਰਿਆਈਆਂ ਨੂੰ ਜੜੋਂ ਉਖਾੜਨ ਦਾ ਪ੍ਰਚਾਰ ਕੀਤਾ ?
— ਸਤੀ ਦੀ ਰਸਮ ਤੇ ਪੜਦੇ ਦੀ ਰਸਮ ।
16. ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਕੀ ਖਾਸ ਢੰਗ ਅਪਣਾਇਆ?
— ਆਪ ਨੇ ਵੱਖ ਵੱਖ ਇਲਾਕਿਆਂ ਲਈ 22 ਮੰਜੀਆਂ ਥਾਪੀਆਂ ਭਾਵ ਬਾਈ ਹਿਸਿਆਂ ਵਿਚ ਇਲਾਕੇ ਨੂੰ ਵੰਡ ਕੇ ਪ੍ਰਚਾਰਕ ਨਿਯੁਕਤ ਕੀਤੇ ।

Sri Satguru Jagjit Singh Ji eLibrary NamdhariElibrary@gmail.com

17. ਗੁਰੂ ਅਮਰ ਦਾਸ ਜੀ ਨੇ ਗੁਰ ਗੱਦੀ ਕਿਸ ਨੂੰ ਦਿੱਤੀ ?
— ਗੁਰੂ ਰਾਮ ਦਾਸ ਜੀ ਨੂੰ ।
18. ਗੁਰੂ ਅਮਰ ਦਾਸ ਜੀ ਕਦੋਂ ਜੋਤੀ-ਜੋਤ ਸਮਾਏ ?
— 1574 ਈ: ਨੂੰ ।

(ਸ) ਗੁਰੂ ਰਾਮਦਾਸ ਸਾਹਿਬ ਜੀ

1. ਗੁਰੂ ਰਾਮਦਾਸ ਜੀ ਦਾ ਜਨਮ ਕਦੋਂ ਤੇ ਕਿਥੇ ਹੋਇਆ ?
— ਚੂਨਾ ਮੰਡੀ ਲਾਹੌਰ ਵਿਚ ਸੰਨ 1534 ਨੂੰ ।
2. ਗੁਰੂ ਰਾਮਦਾਸ ਜੀ ਦੇ ਮਾਤਾ ਪਿਤਾ ਦਾ ਕੀ ਨਾਮ ਸੀ ?
— ਮਾਤਾ ਅਨੂਪੀ ਜੀ ਤੇ ਪਿਤਾ ਹਰਦਾਸ ਜੀ ।
3. ਗੁਰੂ ਰਾਮਦਾਸ ਜੀ ਦਾ ਪਹਿਲਾ ਨਾਮ ਕੀ ਸੀ ?
— ਜੇਠਾ ਜੀ ।
4. ਮਾਤਾ ਪਿਤਾ ਦੇ ਸਵਰਗਵਾਸ ਹੋ ਜਾਣ ਤੋਂ ਬਾਦ ਜੇਠਾ ਜੀ ਕਿਸ ਪਾਸ ਰਹੇ?
— ਬਾਸਰਕੇ ਆਪਣੀ ਨਾਨੀ ਜੀ ਪਾਸ ।
5. ਗੋਇੰਦਵਾਲ ਜੇਠਾ ਜੀ ਕੀ ਕਰਿਆ ਕਰਦੇ ਸਨ ?
— ਘੁੰਘਣੀਆ ਵੇਚ ਕੇ ਗੁਜ਼ਾਰਾ ਕਰਦੇ ਸਨ ।
6. ਅੰਮ੍ਰਿਤਸਰ ਸਰੋਵਰ ਤੇ ਸ਼ਹਿਰ ਕਿਸਨੇ ਵਸਾਇਆ ਸੀ ?
— ਗੁਰੂ ਰਾਮਦਾਸ ਜੀ ਨੇ ।
7. ਕਿੰਨੇ ਕਿੱਤਿਆ ਦੇ ਕਾਰੀਗਰ ਆਪਣੇ ਅੰਮ੍ਰਿਤਸਰ (ਗੁਰੂ ਦਾ ਚੱਕ) ਵਿਚ ਵਸਾਏ ?
— ਬਵੰਜਾ ਕਿੱਤਿਆਂ ਦੇ ।
8. ਗੁਰੂ ਰਾਮਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਕਿਹੜੀ ਪ੍ਰਥਾ ਚਲਾਈ ?
— ਵੱਖ ਵੱਖ ਇਲਾਕਿਆਂ ਵਿਚ ਮਸੰਦ ਥਾਪੇ ।
9. ਅਨੰਦ ਵਿਆਹ ਦੀ ਰਸਮ ਕਿਸਨੇ ਸ਼ੁਰੂ ਕੀਤੀ ਸੀ ?
— ਗੁਰੂ ਰਾਮਦਾਸ ਜੀ ਨੇ ਸੂਹੀ ਰਾਗ ਵਿਚ ਚਾਰ ਲਾਵਾਂ ਉਚਾਰਣ ਕਰਕੇ।
10. ਗੁਰੂ ਰਾਮਦਾਸ ਜੀ ਦੇ ਕਿੰਨੇ ਸਪੁੱਤਰ ਸਨ ?
— ਤਿੰਨ, ਪ੍ਰਿਥੀ ਚੰਦ, ਮਹਾਂਦੇਵ ਤੇ ਸਭ ਤੋਂ ਛੋਟੇ ਗੁਰੂ ਅਰਜਨ ਦੇਵ ਜੀ ।
11. ਗੁਰੂ ਰਾਮਦਾਸ ਜੀ ਨੇ ਕਿੰਨੇ ਸਾਲ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ ?
— ਸੱਤ ਸਾਲ ।
12. ਆਪਣੇ ਤੋਂ ਬਾਦ ਗੁਰੂ ਰਾਮਦਾਸ ਜੀ ਨੇ ਗੁਰਗੱਦੀ ਕਿਸ ਨੂੰ ਦਿੱਤੀ ?

Sri Satguru Jagjit Singh Ji eLibrary NamdhariElibrary@gmail.com

— ਗੁਰੂ ਅਰਜਨ ਦੇਵ ਜੀ ਨੂੰ ।

13. ਗੁਰੂ ਰਾਮਦਾਸ ਜੀ ਨੇ ਕਿੰਨੇ ਰਾਗਾਂ ਵਿਚ ਬਾਣੀ ਉਚਾਰੀ ?

— 30 ਰਾਗਾਂ ਵਿਚ ।

14. ਅੰਮ੍ਰਿਤਸਰ ਦਾ ਪਹਿਲਾ ਨਾਮ ਕੀ ਸੀ ?

— ਚੱਕ ਰਾਮਦਾਸ ।

15. ਗੁਰੂ ਰਾਮਦਾਸ ਜੀ ਕਦੋਂ ਜੋਤੀ ਜੋਤ ਸਮਾਏ ?

— ਸਤੰਬਰ 1581 ਵਿਚ ।

(ਹ) ਗੁਰੂ ਅਰਜਨ ਦੇਵ ਸਾਹਿਬ ਜੀ

1. ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ?

— ਅਪ੍ਰੈਲ 1563 ਨੂੰ ਗੋਇੰਦਵਾਲ ਵਿਖੇ ।

2. ਗੁਰੂ ਅਰਜਨ ਦੇਵ ਜੀ ਦੇ ਮਾਤਾ ਪਿਤਾ ਦਾ ਕੀ ਨਾਮ ਸੀ ?

— ਮਾਤਾ ਬੀਬੀ ਭਾਨੀ ਜੀ ਤੇ ਪਿਤਾ ਸਾਹਿਬ ਗੁਰੂ ਰਾਮ ਦਾਸ ਜੀ ।

3. 'ਦੋਹਿਤਾ ਬਾਣੀ ਦਾ ਬੋਹਿਥਾ' ਕਿਸ ਗੁਰੂ ਲਈ ਕਿਹਾ ਜਾਂਦਾ ਹੈ ?

— ਗੁਰੂ ਅਰਜਨ ਦੇਵ ਜੀ ਲਈ ।

4. ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਸਭ ਤੋਂ ਪਹਿਲਾਂ ਕਿਸਨੇ ਕਰਵਾਈ ?

— ਗੁਰੂ ਅਰਜਨ ਦੇਵ ਜੀ ਨੇ ।

5. ਅੰਮ੍ਰਿਤਸਰ ਸਰੋਵਰ ਦੇ ਵਿਚ ਹਰਿਮੰਦਰ ਸਾਹਿਬ ਦੀ ਉਸਾਰੀ ਕਿਸਨੇ ਕਰਵਾਈ ਸੀ ?

— ਗੁਰੂ ਅਰਜਨ ਦੇਵ ਜੀ ਨੇ ।

6. ਹਰਿਮੰਦਰ ਸਾਹਿਬ ਦੀ ਨੀਂਹ ਕਿਸਨੇ ਰੱਖੀ ਸੀ ?

— ਮੁਸਲਮਾਨ ਸਾਂਈ ਮੀਆਂ ਮੀਰ ਨੇ ।

7. ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਕਿਸ ਗੱਲ ਦਾ ਪ੍ਰਤੀਕ ਹਨ ?

— ਇਹ ਅਸਥਾਨ ਚਾਰੇ ਵਰਣਾਂ, ਚਾਰੇ ਧਰਮਾਂ ਤੇ ਚਾਰੇ ਦਿਸ਼ਾਵਾਂ ਦੇ ਵਾਸੀਆਂ ਲਈ ਖੁੱਲਾ ਹੈ ।

8. ਹਰਿਮੰਦਰ ਸਾਹਿਬ ਵਿਚ ਦਾਖਲ ਹੋਣ ਲਈ ਪਉੜੀਆਂ ਹੇਠਾਂ ਵੱਲ ਕਿਉਂ ਉਤਰਨੀਆਂ ਪੈਂਦੀਆਂ ਹਨ ?

— ਕਿਉਂਕਿ ਪ੍ਰਭੂ ਨੂੰ ਮਿਲਣ ਲਈ ਨੀਵਾਂ ਹੋ ਕੇ ਹੀ ਜਾਣਾ ਪੈਂਦਾ ਹੈ ।

9. ਗੁਰੂ ਗਰੰਥ ਸਾਹਿਬ ਜੀ ਦੀ ਬੀੜ ਕਿਸਨੇ ਸੰਪਾਦਿਤ ਕੀਤੀ ਸੀ ?

— ਗੁਰੂ ਅਰਜਨ ਦੇਵ ਜੀ ਨੇ ।

Sri Satguru Jagjit Singh Ji eLibrary NamdhariElibrary@gmail.com

10. ਗੁਰੂ ਅਰਜਨ ਦੇਵ ਜੀ ਨੇ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਕਿਸ ਪਾਸੋਂ ਲਿਖਵਾਈ ਸੀ ?
— ਭਾਈ ਗੁਰਦਾਸ ਜੀ ਪਾਸੋਂ ।
11. ਭਾਈ ਗੁਰਦਾਸ ਜੀ ਕੌਣ ਸਨ ?
— ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਸਨ । ਆਪ ਗੁਰਬਾਣੀ ਦੇ ਪ੍ਰਮੁੱਖ ਵਿਆਖਿਆਕਾਰ ਸਨ । ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਹੋਰ ਰਚਨਾ ਬਹੁਤ ਉਚ ਕੋਟੀ ਦੀ ਸੀ, ਜਿਸ ਕਰਕੇ ਆਪ ਦੀ ਰਚਨਾ ਨੂੰ ਗੁਰੂ ਗਰੰਥ ਸਾਹਿਬ ਦੀ ਕੁੰਜੀ ਕਿਹਾ ਜਾਂਦਾ ਹੈ ।
12. ਗੁਰੂ ਗਰੰਥ ਸਾਹਿਬ ਜੀ ਦੀ ਪਹਿਲੀ ਬੀੜ ਕਿਥੇ ਤਿਆਰ ਕੀਤੀ ਗਈ ?
— ਰਾਮਸਰ ਦੇ ਕੰਢੇ ਅੰਮ੍ਰਿਤਸਰ ਵਿਚ ।
13. ਭਾਈ ਬੰਨੋ ਨੇ ਕੀ ਕੀਤਾ ਸੀ ?
— ਗੁਰੂ ਗਰੰਥ ਸਾਹਿਬ ਜੀ ਦੀ ਪਹਿਲੀ ਬੀੜ ਦੀ ਜ਼ਿਲਦ ਬੰਨੀ ਸੀ ।
14. ਕਿਸ ਹੰਕਾਰੀ ਦੀ ਬੇਟੀ ਦਾ ਰਿਸ਼ਤਾ ਆਪਣੇ ਸਪੁੱਤਰ ਲਈ ਗੁਰੂ ਅਰਜਨ ਦੇਵ ਜੀ ਨੇ ਸੰਗਤ ਦੇ ਕਹਿਣ ਤੇ ਠੁਕਰਾ ਦਿੱਤਾ ਸੀ ?
— ਚੰਦੂ ਦੀ ।
15. ਤਰਨ ਤਾਰਨ ਦਾ ਸਰੋਵਰ ਕਿਸਨੇ ਬਣਵਾਇਆ ਸੀ ?
— ਗੁਰੂ ਅਰਜਨ ਦੇਵ ਜੀ ਨੇ ।
16. ਹਰਿਮੰਦਰ ਸਾਹਿਬ ਜੀ ਦੀ ਉਸਾਰੀ ਰੋਕ ਕੇ ਗੁਰੂ ਅਰਜਨ ਦੇਵ ਜੀ ਕੁਝ ਚਿਰ ਲਈ ਲਾਹੌਰ ਕਿਉਂ ਗਏ ਸਨ ?
— ਹੈਜ਼ੇ ਦੀ ਬਿਮਾਰੀ ਜੋ ਲਾਹੌਰ ਵਿਚ ਫੈਲ ਗਈ ਸੀ, ਉਸ ਨਾਲ ਪੀੜਤ ਹੋਏ ਪਰਿਵਾਰਾਂ ਦੀ ਸੇਵਾ ਕਰਨ ਲਈ ।
17. ਕਿਸੇ ਪ੍ਰਸਿੱਧ ਇਤਿਹਾਸਕ ਰਬਾਬੀ ਜੋੜੀ ਦਾ ਨਾਂ ਦਸੋ ?
— ਭਾਈ ਸੱਤਾ ਤੇ ਬਲਵੰਡ ।
18. ਗੁਰੂ ਅਰਜਨ ਦੇਵ ਜੀ ਦਾ ਕਿਹੜਾ ਭਰਾ ਉਹਨਾਂ ਨਾਲ ਈਰਖਾ ਕਰਦਾ ਸੀ?
— ਪ੍ਰਿਥੀ ਚੰਦ ।
19. ਗੁਰੂ ਅਰਜਨ ਦੇਵ ਜੀ ਦੀ ਰਚੀ ਹੋਈ ਕਿਸੇ ਪ੍ਰਸਿੱਧ ਬਾਣੀ ਦਾ ਨਾਮ ਦੱਸੋ?
— ਸੁਖਮਨੀ ਸਾਹਿਬ ।
20. ਪਾਣੀ ਦੀ ਥੁੜ ਨੂੰ ਪੂਰਾ ਕਰਨ ਲਈ ਵਡਾਲੀ ਵਿਚ ਗੁਰੂ ਅਰਜਨ ਦੇਵ ਜੀ ਨੇ ਕੀ ਕੀਤਾ ?
— ਇਕ ਛੇ-ਹਰਟਾਂ ਵਾਲਾ ਖੂਹ ਲਵਾਇਆ ।
21. ਗੁਰੂ ਗਰੰਥ ਸਾਹਿਬ ਜੀ ਦਾ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕਰਨ ਤੋਂ

Sri Satguru Jagjit Singh Ji eLibrary NamdhariElibrary@gmail.com

ਬਾਅਦ ਪਹਿਲਾਂ ਗਰੰਥੀ ਕਿਸ ਨੂੰ ਥਾਪਿਆ ?

— ਬਾਬਾ ਬੁੱਢਾ ਜੀ ਨੂੰ

22. ਗੁਰੂ ਅਰਜਨ ਦੇਵ ਜੀ ਦੀ ਸੁਪਤਨੀ ਦਾ ਕੀ ਨਾਮ ਸੀ ?

— ਮਾਤਾ ਗੰਗਾ ਜੀ ।

23. ਤਰਨ-ਤਾਰਨ ਵਿਚ ਲੋਕ ਭਲਾਈ ਲਈ ਗੁਰੂ ਅਰਜਨ ਦੇਵ ਜੀ ਨੇ ਕੀ ਕਾਰਜ ਕੀਤਾ ?

— ਲੋੜਵੰਦ ਤੇ ਦੁਖੀਆਂ ਲਈ ਦਵਾਖਾਨਾ ਖੁਲਵਾਇਆ ।

24. ਸ਼ਹੀਦਾਂ ਦੇ ਸਿਰਤਾਜ ਕਿਸਨੂੰ ਕਹਿੰਦੇ ਹਨ ?

— ਗੁਰੂ ਅਰਜਨ ਦੇਵ ਜੀ ਨੂੰ ।

25. ਕਿਹੜੇ ਬਾਦਸ਼ਾਹ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾਇਆ ?

— ਜਹਾਂਗੀਰ ਨੇ ।

26. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਦੋਂ ਤੇ ਕਿੱਥੇ ਹੋਈ ?

— 30 ਮਈ 1606 ਨੂੰ ਲਾਹੌਰ ਵਿਚ ।

27. ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਬਾਅਦ ਗੁਰਗੱਦੀ ਕਿਸ ਨੂੰ ਦਿੱਤੀ ?

— ਆਪਣੇ ਸਪੁੱਤਰ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ।

(ਕ) ਗੁਰੂ ਹਰਿ ਗੋਬਿੰਦ ਸਾਹਿਬ ਜੀ

1. ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ?

— ਸੰਨ 1595 ਨੂੰ ਵਡਾਲੀ ਵਿਖੇ ।

2. ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਮਾਤਾ ਪਿਤਾ ਦਾ ਕੀ ਨਾਮ ਸੀ ?

— ਮਾਤਾ ਗੰਗਾ ਜੀ ਤੇ ਪਿਤਾ ਗੁਰੂ ਅਰਜਨ ਦੇਵ ਜੀ ।

3. ਕਿਸ ਬ੍ਰਹਮਗਿਆਨੀ ਦੇ ਵਰ ਨਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ ?

— ਬਾਬਾ ਬੁੱਢਾ ਜੀ ।

4. ਗੁਰਗੱਦੀ ਤੇ ਬੈਠਣ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੋ ਤਲਵਾਰਾਂ ਪਹਿਨੀਆਂ ਮੀਰੀ ਤੇ ਪੀਰੀ, ਇਸ ਤੋਂ ਕੀ ਭਾਵ ਹੈ ?

— ਮੀਰੀ ਰਾਜਨੀਤੀ ਦਾ ਚਿੰਨ੍ਹ ਸੀ ਤੇ ਪੀਰੀ ਧਰਮ ਦਾ ।

5. ਅਕਾਲ ਤਖ਼ਤ ਕਿਸਨੇ ਬਣਵਾਇਆ ਸੀ ?

— ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ।

6. ਅਕਾਲ ਤਖ਼ਤ ਕਿਸ ਨੇ ਹੱਥੀਂ ਬਣਾਇਆ ਸੀ ?

Sri Satguru Jagjit Singh Ji eLibrary NamdhariElibrary@gmail.com

— ਭਾਈ ਗੁਰਦਾਸ, ਬਾਬਾ ਬੁੱਢਾ ਜੀ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਿਲਕੇ।

7. ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਕਿਥੋਂ ਦੇ ਕਿਲੇ ਵਿਚ ਕੈਦ ਰੱਖਿਆ ?

— ਗਵਾਲੀਅਰ ਦੇ ।

8. 'ਦੀਵਾਲੀ' ਤਿਉਹਾਰ ਦਾ ਸਿੱਖਾਂ ਨਾਲ ਕੀ ਸੰਬੰਧ ਹੈ ?

— ਇਸ ਦਿਨ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਅ ਹੋ ਕੇ ਅੰਮ੍ਰਿਤਸਰ ਪੁੱਜੇ ਸਨ ।

9. ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਨਾਲ ਹੋਰ ਕਿੰਨੇ ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾ ਕਰਵਾਇਆ ਸੀ ?

— 52 ਰਾਜਿਆਂ ਨੂੰ ।

10. ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕਿੰਨੇ ਸਾਹਿਬਜ਼ਾਦੇ ਸਨ ?

— ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮਲ ਜੀ, ਬਾਬਾ ਅਣੀ ਰਾਇ ਜੀ, ਬਾਬਾ ਅੱਟਲ ਜੀ ਅਤੇ ਗੁਰੂ ਤੇਗ ਬਹਾਦੁਰ ਜੀ ।

11. ਬੀਬੀ ਵੀਰੋ ਜੀ ਕੌਣ ਸਨ ?

— ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਪੁੱਤਰੀ ।

12. ਬੀਬੀ ਕੌਲਾਂ ਕੌਣ ਸੀ ?

— ਲਾਹੌਰ ਦੇ ਕਾਜ਼ੀ ਰੁਸਤਮ ਖਾਂ ਦੀ ਬੇਟੀ, ਜੋ ਆਪਣੇ ਪਿਤਾ ਦੇ ਜ਼ੁਲਮ ਕਾਰਨ ਗੁਰੂ ਸ਼ਰਨ ਵਿਚ ਆ ਕੇ ਅੰਮ੍ਰਿਤਸਰ ਰਹਿੰਦੀ ਸੀ ।

13. ਗੁਰੂ ਹਰਿਗੋਬਿੰਦ ਸਾਹਿਬ ਜੀ ਕਸ਼ਮੀਰ ਦੇ ਪ੍ਰਚਾਰ ਦੌਰੇ ਦੌਰਾਨ ਕਿੱਥੇ ਕਿੱਥੇ ਗਏ ?

— ਸ੍ਰੀ ਨਗਰ, ਬਾਰਾਮੂਲਾ, ਊੜੀ ।

14. ਕਿਹੜੇ ਗੁਰੂ ਜੀ ਨੂੰ ਸਭ ਤੋਂ ਪਹਿਲਾਂ ਯੁੱਧ ਕਰਨੇ ਪਏ ?

— ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ।

15. ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਿਤਨੇ ਯੁੱਧ ਲੜੇ ?

— ਚਾਰ ਯੁੱਧ 1. ਅੰਮ੍ਰਿਤਸਰ, 2. ਹਰਗੋਬਿੰਦਪੁਰ, 3. ਨਥਾਣਾ, 4. ਕਰਤਾਰਪੁਰ।

16. ਢਾਡੀ ਵਾਰਾਂ ਦਾ ਆਰੰਭ ਕਿਸਨੇ ਕੀਤਾ ?

— ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ।

17. ਕੀਰਤਪੁਰ ਸਾਹਿਬ ਕਿਸਨੇ ਵਸਾਇਆ ?

— ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ।

18. ਪੀਰ ਬੁੱਢਣ ਸ਼ਾਹ ਨੂੰ ਕਿਹੜੇ-ਕਿਹੜੇ ਗੁਰੂ ਸਾਹਿਬਾਨ ਮਿਲੇ ?

— ਗੁਰੂ ਨਾਨਕ ਦੇਵ ਜੀ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ।

Sri Satguru Jagjit Singh Ji eLibrary NamdhariElibrary@gmail.com

19. ਪੀਰ ਬੁੱਢਣ ਸ਼ਾਹ ਦੀ ਸਮਾਧ ਕਿੱਥੇ ਬਣੀ ਹੋਈ ਹੈ ?
— ਕੀਰਤਪੁਰ ਸਾਹਿਬ ।
20. ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਤੋਂ ਬਾਅਦ ਗੁਰਗੱਦੀ ਕਿਸਨੂੰ ਦਿੱਤੀ ?
— ਆਪਣੇ ਪੋਤਰੇ ਗੁਰੂ ਹਰਿਰਾਇ ਜੀ ਨੂੰ ।
21. ਗੁਰੂ ਹਰਿਗੋਬਿੰਦ ਸਾਹਿਬ ਜੀ ਕਦੋਂ ਜੋਤੀ ਜੋਤ ਸਮਾਏ ?
— ਮਾਰਚ 1644 ਵਿਚ ।

(ਖ) ਗੁਰੂ ਹਰਿਰਾਇ ਸਾਹਿਬ ਜੀ

1. ਗੁਰੂ ਹਰਿਰਾਇ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ?
— ਕੀਰਤਪੁਰ ਵਿਖੇ ਜਨਵਰੀ 1630 ਨੂੰ ।
2. ਗੁਰੂ ਹਰਿਰਾਇ ਜੀ ਦੇ ਮਾਤਾ ਪਿਤਾ ਦਾ ਕੀ ਨਾਮ ਸੀ ?
— ਮਾਤਾ ਨਿਹਾਲ ਕੌਰ ਜੀ, ਪਿਤਾ ਗੁਰਦਿੱਤਾ ਜੀ ।
3. ਕੀ ਗੁਰੂ ਹਰਿਰਾਇ ਜੀ ਨੇ ਗੁਰੂ ਹਰਿਗੋਬਿੰਦ ਜੀ ਤੋਂ ਬਾਅਦ ਫੌਜ ਰੱਖਣੀ ਬੰਦ ਕਰ ਦਿੱਤੀ ਸੀ ?
— ਨਹੀਂ, 2200 ਦੇ ਨੇੜੇ ਘੋੜ ਸਵਾਰ ਗੁਰੂ ਜੀ ਨੇ ਰੱਖੇ ਹੋਏ ਸਨ, ਪਰ ਜੰਗ ਕਰਨ ਦੀ ਲੋੜ ਨਹੀਂ ਪਈ ।
4. ਕੀ ਗੁਰੂ ਗਰੰਥ ਸਾਹਿਬ ਵਿਚ ਗੁਰੂ ਹਰਿਰਾਇ ਜੀ ਦੀ ਵੀ ਬਾਣੀ ਹੈ ?
— ਨਹੀਂ ।
5. ਸ਼ਾਹਜਹਾਨ ਦੇ ਪੁੱਤਰ ਦਾਰਾ ਦੀ ਬੀਮਾਰੀ ਸਮੇਂ ਗੁਰੂ ਹਰਿਰਾਇ ਸਾਹਿਬ ਨੇ ਕੀ ਕੀਤਾ ਸੀ ?
— ਆਪਣੇ ਤੋਸ਼ੇਖਾਨੇ ਵਿਚੋਂ ਹਰੀੜਾਂ ਭੇਜੀਆਂ ਸਨ ਜੋ ਹਕੀਮਾਂ ਨੂੰ ਇਲਾਜ ਲਈ ਜਰੂਰੀ ਚਾਹੀਦੀਆਂ ਸਨ ।
6. ਗੁਰੂ ਹਰਿਰਾਇ ਜੀ ਦੇ ਕਿੰਨੇ ਸਪੁੱਤਰ ਸਨ ?
— ਦੋ, ਰਾਮਰਾਇ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ।
7. ਕੀ ਔਰੰਗਜ਼ੇਬ ਦੇ ਸੱਦੇ ਤੇ ਗੁਰੂ ਹਰਿਰਾਇ ਜੀ ਦਿੱਲੀ ਗਏ ਸਨ ?
— ਨਹੀਂ, ਉਹਨਾਂ ਨੇ ਆਪਣੇ ਵੱਡੇ ਸਪੁੱਤਰ ਰਾਮਰਾਇ ਨੂੰ ਭੇਜਿਆ ਸੀ ।
8. ਔਰੰਗਜ਼ੇਬ ਦੀ ਖੁਸ਼ਾਮਦ ਕਰਨ ਲਈ ਰਾਮਰਾਇ ਨੇ ਜਦੋਂ ਗੁਰਬਾਣੀ ਵਿਚ ਤਬਦੀਲੀ ਕੀਤੀ ਸੀ ਤਾਂ ਗੁਰੂ ਹਰਿਰਾਇ ਜੀ ਨੇ ਕੀ ਕੀਤਾ ?
— ਉਹਨਾਂ ਨੇ ਰਾਮਰਾਇ ਨੂੰ ਲਿਖ ਭੇਜਿਆ ਕਿ ਉਹ ਹੁਣ ਸਾਡੇ ਮੱਥੇ ਨਾ ਲੱਗੇ

Sri Satguru Jagjit Singh Ji eLibrary NamdhariElibrary@gmail.com

ਤੇ ਨਾ ਹੀ ਕੀਰਤਪੁਰ ਆਏ ।

9. ਗੁਰੂ ਹਰਿਰਾਇ ਜੀ ਨੇ ਆਪਣੇ ਤੋਂ ਬਾਅਦ ਗੁਰਗੱਦੀ ਕਿਸਨੂੰ ਦਿਤੀ ?

— ਆਪਣੇ ਛੋਟੇ ਸਪੁੱਤਰ ਗੁਰੂ ਹਰਿਕ੍ਰਿਸ਼ਨ ਜੀ ਨੂੰ ।

10. ਗੁਰੂ ਹਰਿਰਾਇ ਜੀ ਜੋਤੀ ਜੋਤ ਕਦੋਂ ਸਮਾਏ ?

— ਅਕਤੂਬਰ 1661 ਨੂੰ ।

(ਗ) ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

1. ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ?

— 7 ਜੁਲਾਈ 1656 ਈ: ਕੀਰਤਪੁਰ ਵਿਖੇ ।

2. ਗੁਰੂ ਹਰਿਕ੍ਰਿਸ਼ਨ ਜੀ ਦੇ ਮਾਤਾ ਪਿਤਾ ਦਾ ਕੀ ਨਾਮ ਸੀ ?

— ਮਾਤਾ ਰਾਜ ਕੌਰ ਜੀ ਤੇ ਪਿਤਾ ਗੁਰੂ ਹਰਿਰਾਇ ਜੀ ।

3. ਕਿੰਨੇ ਸਾਲਾਂ ਦੀ ਉਮਰ ਵਿਚ ਗੁਰੂ ਹਰਿਕ੍ਰਿਸ਼ਨ ਜੀ ਗੁਰਗੱਦੀ ਤੇ ਬੈਠੇ ?

— ਪੰਜ ਸਾਲ ਦੀ ।

4. ਦਿੱਲੀ ਜਾ ਕੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਕਿੱਥੇ ਠਹਿਰੇ ?

— ਮਿਰਜਾ ਰਾਜਾ ਜੈ ਸਿੰਘ ਦੇ ਬੰਗਲੇ ਵਿਚ ।

5. ਪੰਜੋਖਰੇ ਗੁਰੂ ਹਰਿਕ੍ਰਿਸ਼ਨ ਜੀ ਨੇ ਪੰਡਤ ਲਾਲ ਚੰਦ ਦਾ ਹੰਕਾਰ ਤੋੜਨ ਲਈ ਕੀ ਕੀਤਾ ?

— ਗੀਤਾ ਦੇ ਅਰਥ ਇਕ ਅਨਪੜ੍ਹ ਵਿਅਕਤੀ (ਜਿਸਦਾ ਨਾਂ ਛੱਜੂ ਸੀ) ਪਾਸੋਂ ਕਰਵਾ ਕੇ ਪੰਡਤ ਦਾ ਹੰਕਾਰ ਤੋੜਿਆ ।

6. ਦਿੱਲੀ ਵਿਚ ਜਦੋਂ ਹੈਜ਼ੇ ਦੀ ਬੀਮਾਰੀ ਫੈਲੀ ਤਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਕੀ ਕੀਤਾ ?

— ਉਹ ਆਪ ਸੰਗਤਾਂ ਨੂੰ ਨਾਲ ਲੈ ਕੇ ਲੋਕਾਂ ਦੀਆਂ ਪੀੜਾਂ ਹਰਨ ਲਈ ਮੁਹੱਲਿਆਂ ਤੇ ਘਰਾਂ ਵਿਚ ਗਏ । ਦੁੱਖੀ ਚਰਨਾਮ੍ਰਿਤ ਲੈ ਕੇ ਦੁੱਖ ਦੂਰ ਕਰਦੇ ।

7. ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਕਿਹੜੀ ਬਿਮਾਰੀ ਲੱਗ ਗਈ ਸੀ ?

— ਚੇਚਕ ਦੀ ।

8. ਅੰਤਮ ਸਮਾਂ ਨੇੜੇ ਆਣ ਤੇ ਗੁਰੂ ਹਰਿਕ੍ਰਿਸ਼ਨ ਜੀ ਨੇ ਗੁਰਗੱਦੀ ਕਿਸਨੂੰ ਦਿਤੀ?

— ਆਪਨੇ ਕੇਵਲ ਇਤਨਾ ਹੀ ਕਿਹਾ ਬਾਬਾ-ਬਕਾਲੇ ।

9. ਬਾਬਾ ਬਕਾਲੇ ਤੋਂ ਕੀ ਭਾਵ ਸੀ ?

— ਕਿਉਂਕਿ ਗੁਰੂ ਤੇਗ ਬਹਾਦੁਰ ਜੀ, ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਬਾਬਾ

(ਦਾਦਾ) ਜੀ ਲੱਗਦੇ ਸਨ ਤੇ ਉਹ ਉਹਨਾਂ ਦਿਨਾਂ ਵਿਚ ਬਕਾਲੇ ਵਿਚ ਰਹਿ ਕੇ ਭਗਤੀ ਕਰ ਰਹੇ ਸਨ ।

10. ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਕਦੋਂ ਜੋਤੀ ਜੋਤ ਸਮਾਏ ?

— 30 ਮਾਰਚ 1664 ਨੂੰ ।

(ਘ) ਗੁਰੂ ਤੇਗ਼ ਬਹਾਦੁਰ ਸਾਹਿਬ ਜੀ

1. ਗੁਰੂ ਤੇਗ਼ ਬਹਾਦੁਰ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ?

— ਅਪ੍ਰੈਲ 1621 ਨੂੰ ਸ੍ਰੀ ਅੰਮ੍ਰਿਤਸਰ ਵਿਖੇ ।

2. ਗੁਰੂ ਤੇਗ਼ ਬਹਾਦੁਰ ਜੀ ਦੇ ਮਾਤਾ ਪਿਤਾ ਦਾ ਕੀ ਨਾਮ ਸੀ ?

— ਮਾਤਾ ਨਾਨਕੀ ਜੀ ਤੇ ਪਿਤਾ ਗੁਰੂ ਹਰਿਗੋਬਿੰਦ ਜੀ ।

3. ਗੁਰੂ ਤੇਗ਼ ਬਹਾਦੁਰ ਜੀ ਦੀ ਸ਼ਾਦੀ ਕਿਸ ਨਾਲ ਹੋਈ ?

— ਮਾਤਾ ਗੁਜਰੀ ਜੀ ਨਾਲ ।

4. ਗੁਰੂ ਤੇਗ਼ ਬਹਾਦੁਰ ਜੀ ਦਾ ਪਹਿਲਾ ਨਾਮ ਕੀ ਸੀ ?

— ਤੇਗ ਮੱਲ ।

5. ਤੇਗ਼ ਮੱਲ ਤੋਂ ਤੇਗ਼ ਬਹਾਦਰ ਨਾਂ ਕਿਵੇਂ ਪਿਆ ?

— ਕਰਤਾਰਪੁਰ ਦੀ ਜੰਗ ਸਮੇਂ 13 ਸਾਲ ਦੀ ਉਮਰ ਵਿਚ ਜਦੋਂ ਆਪ ਜਿਸ ਦਲੇਰੀ ਨਾਲ ਲੜੇ ਤਾਂ ਗੁਰੂ ਹਰਿਗੋਬਿੰਦ ਜੀ ਨੇ ਤੇਗ ਬਹਾਦਰ ਕਹਿ ਕੇ ਸਨਮਾਨਿਆਂ ।

6. ਗੁਰੂ ਤੇਗ਼ ਬਹਾਦੁਰ ਜੀ ਛੋਟੀ ਉਮਰ ਵਿਚ ਜਦੋਂ ਵਡੇ ਭਰਾ ਦੀ ਬਰਾਤ ਨਾਲ ਜਾ ਰਹੇ ਸਨ ਤਾਂ ਰਸਤੇ ਵਿਚ ਗਰੀਬ ਲੜਕੇ ਨੂੰ ਦੇਖ ਕੇ ਉਹਨਾਂ ਕੀ ਕੀਤਾ ਸੀ ?

— ਆਪਣੇ ਕੀਮਤੀ ਬਸਤਰ ਉਤਾਰ ਕੇ ਉਸਨੂੰ ਦੇ ਦਿਤੇ ਸਨ ।

7. ਗੁਰੂ ਹਰਿਕ੍ਰਿਸ਼ਨ ਜੀ ਨੇ ਜਦੋਂ ਗੁਰਗੱਦੀ ਗੁਰੂ ਤੇਗ਼ ਬਹਾਦੁਰ ਜੀ ਨੂੰ ਸੌਂਪੀ ਤਾਂ ਬਕਾਲੇ ਕਿੰਨੇ ਪਖੰਡੀ ਮੰਜੀਆਂ ਡਾਹ ਕੇ ਬੈਠ ਗਏ ?

— 22 ਮੰਜੀਆਂ ਡਾਹ ਕੇ 22 ਪਖੰਡੀ ਗੁਰੂ ਬਣ ਗਏ ।

8. ਸੱਚੇ ਗੁਰੂ ਦੀ ਭਾਲ ਕਿਸਨੇ ਕੀਤੀ ਸੀ ?

— ਭਾਈ ਮੱਖਣ ਸ਼ਾਹ ਲੁਬਾਣੇ ਨੇ ।

9. ਗੁਰੂ ਤੇਗ਼ ਬਹਾਦੁਰ ਜੀ ਨੇ ਕਿਹੜਾ ਸ਼ਹਿਰ ਵਸਾਇਆ ?

— ਅਨੰਦਪੁਰ ਸਾਹਿਬ ।

10. ਗੁਰੂ ਨਾਨਕ ਦੇਵ ਜੀ ਤੋਂ ਬਾਅਦ ਪ੍ਰਚਾਰ ਦਾ ਦੌਰਾ ਕਿਸਨੇ ਕੀਤਾ ?

Sri Satguru Jagjit Singh Ji eLibrary NamdhariElibrary@gmail.com

— ਗੁਰੂ ਤੇਗ ਬਹਾਦਰ ਜੀ ਨੇ ।

11. ਗੁਰੂ ਤੇਗ਼ ਬਹਾਦਰ ਜੀ ਦੇ ਪ੍ਰਚਾਰ ਖੇਤਰ ਦੀਆਂ ਕੋਈ ਤਿੰਨ ਸਟੇਟਾਂ ਦਾ ਨਾਮ ਦੱਸੋ ?

— ਅਸਾਮ, ਬੰਗਾਲ, ਬਿਹਾਰ ।

12. ਕਸ਼ਮੀਰੀ ਪੰਡਤ ਹਿੰਦੂ ਧਰਮ ਦੀ ਰਖਿਆ ਲਈ ਪੁਕਾਰ ਲੈ ਕੇ ਗੁਰੂ ਤੇਗ਼ ਬਹਾਦਰ ਜੀ ਪਾਸ ਕਿੱਥੇ ਆਏ ਸਨ ?

— ਅਨੰਦਪੁਰ ਸਾਹਿਬ ।

13. ਮਹਲਾ ਨੌਂਵਾਂ ਦਾ ਕੀ ਅਰਥ ਹੈ ?

— ਨੌਂਵੇਂ ਗੁਰੂ ਜੀ ਦੀ ਉਚਾਰੀ ਹੋਈ ਬਾਣੀ ।

14. ਗੁਰੂ ਤੇਗ ਬਹਾਦੁਰ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਕਿਹੜੇ ਤਿੰਨ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ ?

— ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਸਤੀਦਾਸ ਜੀ ।

15. ਗੁਰੂ ਤੇਗ ਬਹਾਦਰ ਜੀ ਨੂੰ ਕਿਥੇ ਸ਼ਹੀਦ ਕੀਤਾ ਗਿਆ ?

— ਚਾਂਦਨੀ ਚੌਂਕ ਦਿੱਲੀ ਵਿਚ ਜਿਥੇ ਗੁਰਦੁਆਰਾ ਸੀਸ ਗੰਜ ਸ਼ਸ਼ੋਭਿਤ ਹੈ ।

16. ਕਿਸ ਸਿੱਖ ਨੇ ਆਪਣੇ ਮਕਾਨ ਨੂੰ ਅੱਗ ਲਗਾ ਕੇ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸਸਕਾਰ ਕੀਤਾ ?

— ਭਾਈ ਲੱਖੀ ਸ਼ਾਹ ਨੇ, ਜਿੱਥੇ ਗੁਰਦੁਆਰਾ ਰਕਾਬ ਗੰਜ ਹੈ ।

17. ਆਰਿਆਂ ਨਾਲ ਕਿਸ ਸਿੱਖ ਨੂੰ ਚੀਰਿਆ ਗਿਆ ਸੀ ?

— ਭਾਈ ਮਤੀ ਦਾਸ ਜੀ ਨੂੰ ।

18. ਦੇਗ ਵਿਚ ਕਿਸ ਸਿੱਖ ਨੂੰ ਉਬਾਲਿਆ ਗਿਆ ਸੀ ?

— ਭਾਈ ਦਇਆਲਾ ਜੀ ਨੂੰ ।

19. ਗੁਰੂ ਤੇਗ ਬਹਾਦਰ ਜੀ ਦਾ ਸੀਸ ਕਿਹੜਾ ਨਿਡਰ ਸਿੱਖ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਪਾਸ ਲੈ ਕੇ ਪੁੱਜਿਆ ?

— ਭਾਈ ਜੈਤਾ ਜੀ ਜਿਸਨੂੰ ਗੁਰੂ ਗੋਬਿੰਦ ਸਿਘ ਜੀ ਨੇ 'ਰੰਗਰੇਟੇ ਗੁਰੂ ਕੇ ਬੇਟੇ' ਕਹਿ ਕੇ ਸਨਮਾਨਿਆ ।

20. ਅਨੰਦਪੁਰ ਸਾਹਿਬ ਦਾ ਪਹਿਲਾ ਨਾਮ ਕੀ ਸੀ ?

— ਮਾਖੋਵਾਲ ।

21. ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਕਦੋਂ ਹੋਈ ?

— ਨਵੰਬਰ 1675 ਨੂੰ ।

22. ਗੁਰੂ ਤੇਗ਼ ਬਹਾਦੁਰ ਜੀ ਨੇ ਗੁਰਗੱਦੀ ਕਿਸਨੂੰ ਦਿਤੀ ?

— ਆਪਣੇ ਸਾਹਿਬਜ਼ਾਦੇ ਗੁਰੂ ਗੋਬਿੰਦ ਸਿੰਘ ਜੀ ਨੂੰ ।

(ਙ) ਗੁਰੂ ਗੋਬਿੰਦ ਸਿੰਘ ਜੀ

1. ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਦੋਂ ਤੇ ਕਿਥੇ ਹੋਇਆ ?
— ਦਸੰਬਰ 1666 ਨੂੰ ਪਟਨਾ (ਬਿਹਾਰ) ਵਿਖੇ ।
2. ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਪਿਤਾ ਦਾ ਕੀ ਨਾਮ ਸੀ ?
— ਮਾਤਾ ਗੁਜਰੀ ਜੀ ਤੇ ਪਿਤਾ ਗੁਰੂ ਤੇਗ ਬਹਾਦਰ ਜੀ ।
3. ਗੁਰੂ ਗੋਬਿੰਦ ਸਿੰਘ ਜੀ ਕਿੰਨੇ ਸਾਲ ਦੀ ਅਵਸਥਾ ਵਿਚ ਗੁਰਗੱਦੀ ਤੇ ਬੈਠੇ?
— 9 ਸਾਲ ਦੀ ।
4. ਗੁਰੂ ਗੋਬਿੰਦ ਸਿੰਘ ਜੀ ਦੇ ਪੜਦਾਦਾ ਜੀ ਕੌਣ ਸਨ ?
— ਗੁਰੂ ਅਰਜਨ ਦੇਵ ਜੀ ।
5. ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਵੇਲੇ ਗੁਰੂ ਤੇਗ ਬਹਾਦਰ ਜੀ ਕਿੱਥੇ ਸਨ?
— ਬਿਹਾਰ, ਅਸਾਮ ਦੇ ਦੌਰੇ ਤੇ ।
6. ਪੀਰ ਭੀਖਣ ਸ਼ਾਹ ਨੇ ਨਮਾਜ਼ ਪੱਛਮ ਵੱਲ ਪੜ੍ਹਨ ਦੀ ਬਜਾਏ ਪੂਰਬ ਵੱਲ ਕਿਉਂ ਪੜ੍ਹੀ ਸੀ ?
— ਕਿਉਂਕਿ ਉਸਨੂੰ ਆਕਾਸ਼ਬਾਣੀ ਹੋਈ ਸੀ ਕਿ ਅੱਜ ਪੂਰਬ ਵੱਲ ਅੱਲਾ ਦਾ ਰੂਪ (ਗੁਰੂ ਗੋਬਿੰਦ ਸਿੰਘ ਜੀ) ਪ੍ਰਗਟ ਹੋਇਆ ਹੈ ।
7. ਪਾਉਂਟਾ ਸਾਹਿਬ ਕਿਸਨੇ ਵਸਾਇਆ ਸੀ ?
— ਗੁਰੂ ਗੋਬਿੰਦ ਸਿੰਘ ਜੀ ਨੇ ।
8. ਭੰਗਾਣੀ ਦਾ ਯੁੱਧ ਕਿੱਥੇ ਹੋਇਆ ਸੀ ?
— ਪਾਉਂਟਾ ਸਾਹਿਬ ।
9. ਪੀਰ ਬੁਧੂ ਸ਼ਾਹ ਕੌਣ ਸੀ ?
— ਇਕ ਮੁਸਲਮਾਨ ਪੀਰ ਸੀ ਜਿਸਨੇ ਭੰਗਾਣੀ ਦੇ ਯੁੱਧ ਵਿਚ ਆਪਣੇ ਮੁਰੀਦਾਂ ਤੇ ਪੁੱਤਰਾਂ ਸਮੇਤ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਦਿਤਾ ਸੀ ।
10. ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਪੀਰ ਬੁਧੂ ਸ਼ਾਹ ਨੂੰ ਕੁਝ ਮੰਗਣ ਲਈ ਕਿਹਾ ਤਾਂ ਉਸਨੇ ਕੀ ਮੰਗਿਆ ?
— ਗੁਰੂ ਗੋਬਿੰਦ ਸਿੰਘ ਜੀ ਦਾ ਕੇਸਾਂ ਸਮੇਤ ਕੰਘਾ ।
11. ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਕਿੰਨੇ ਕਵੀ ਸਨ ?
— 52 ਕਵੀ ।
12. ਕੀ ਕਾਰਣ ਹੈ ਕਿ ਪਾਉਂਟਾ ਸਾਹਿਬ ਦੇ ਨਜ਼ਦੀਕ ਤੋਂ ਜਮਨਾ ਦਰਿਆ ਆਵਾਜ਼ ਕੀਤੇ ਲੰਘਦੀ ਹੈ ?
— ਕਿਉਂਕਿ ਸਿੱਖਾਂ ਦੇ ਬੇਨਤੀ ਕਰਨ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮ ਕੀਤਾ

ਸੀ ਕਿ ਇਸ ਅਸਥਾਨ ਦੇ ਨੇੜਿਓਂ ਇਹ ਚੁੱਪ ਕਰਕੇ ਲੰਘੇਗੀ ਤਾਂ ਜੋ ਸਿਮਰਨ ਕਰਨ ਵਾਲਿਆਂ ਦਾ ਮਨ ਟਿਕ ਸਕੇ ।

13. ਜਾਪੁ ਸਾਹਿਬ ਕਿਸ ਗੁਰੂ ਸਾਹਿਬ ਜੀ ਦੀ ਉਚਾਰੀ ਹੋਈ ਬਾਣੀ ਹੈ ?

— ਗੁਰੂ ਗੋਬਿੰਦ ਸਿੰਘ ਜੀ ਦੀ ।

14. 'ਕਬਯੋਬਾਚ ਬੇਨਤੀ ਚੌਪਈ' ਕਿੱਥੇ ਉਚਾਰੀ ਗਈ ?

— ਨੰਗਲ ਦੇ ਨਜ਼ਦੀਕ ਭਬੌਰ ਸਾਹਿਬ ਵਿਖੇ ।

15. ਖਾਲਸਾ ਪੰਥ ਦੀ ਸਾਜਨਾ ਕਦੋਂ ਤੇ ਕਿੱਥੇ ਹੋਈ ?

— 1699 ਦੀ ਵਿਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ ।

16. ਖੰਡੇ ਦੇ ਅੰਮ੍ਰਿਤ ਦੀ ਦਾਤ ਕਿਹੜੇ ਗੁਰੂ ਸਾਹਿਬ ਨੇ ਬਖਸ਼ੀ ?

— ਗੁਰੂ ਗੋਬਿੰਦ ਸਿੰਘ ਜੀ ਨੇ ।

17. ਸਭ ਤੋਂ ਪਹਿਲਾਂ ਕਿਹੜਾ ਸਿੱਖ ਗੁਰੂ ਗੋਬਿੰਦ ਸਿੰਘ ਜੀ ਦੇ ਸੀਸ ਮੰਗਣ ਉਪਰੰਤ ਖੜਾ ਹੋਇਆ ?

— ਭਾਈ ਦਇਆ ਰਾਮ (ਸਿੰਘ) ਜੀ ।

18. ਗੁਰੂ ਗੋਬਿੰਦ ਸਿੰਘ ਜੀ ਨੇ ਜਿਹੜੇ ਪੰਜ ਪਿਆਰੇ ਸਾਜੇ ਸਨ ਉਹਨਾਂ ਦੇ ਨਾਮ ਦੱਸੋ ?

— ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ।

19. ਕੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਉਚ ਜ਼ਾਤੀਆਂ ਵਿਚੋਂ ਲਏ ਸਨ ?

— ਨਹੀਂ, ਪੰਜੇ ਹੀ ਵੱਖ-ਵੱਖ ਇਲਾਕੇ ਤੇ ਵੱਖ-ਵੱਖ ਜ਼ਾਤ ਨਾਲ ਸਬੰਧਿਤ ਸਨ।

20. ਮਾਤਾ ਸੁੰਦਰ ਕੌਰ ਜੀ ਕਿਹੜੇ ਗੁਰੂ ਸਾਹਿਬ ਜੀ ਦੀ ਸੁਪਤਨੀ ਸਨ ?

— ਗੁਰੂ ਗੋਬਿੰਦ ਸਿੰਘ ਜੀ ਦੀ ।

21. ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜਾਦਿਆ ਦਾ ਕੀ ਨਾਮ ਸੀ ?

— ਸਾਹਿਬਾਜ਼ਾਦਾ ਅਜ਼ੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ, ਸਾਹਿਬਜ਼ਾਦਾ ਜੋਰਾਵਰ ਸਿੰਘ, ਸਾਹਿਬਜ਼ਾਦਾ ਫ਼ਤਿਹ ਸਿੰਘ ।

22. ਦਸਮੇਸ਼ ਪਿਤਾ ਕਿਸਨੂੰ ਕਹਿੰਦੇ ਹਨ ?

— ਗੁਰੂ ਗੋਬਿੰਦ ਸਿੰਘ ਜੀ ਨੂੰ ।

23. ਉਹ ਕਿਹੜਾ ਸਿੰਘ ਸੀ ਜਿਹੜਾ ਗੁਰੂ ਗੋਬਿੰਦ ਸਿੰਘ ਜੀ ਦੇ ਕਹਿਣ ਤੇ ਲਾਵਾਂ ਵਿਚ ਹੀ ਛੱਡ ਕੇ ਗੁਰੂ ਦਾ ਹੁਕਮ ਮੰਨ ਕੇ ਆ ਗਿਆ ਸੀ ?

— ਭਾਈ ਜੋਗਾ ਸਿੰਘ ਜੀ ।

24. ਗੁਰੂ ਗੋਬਿੰਦ ਸਿੰਘ ਜੀ ਦਾ ਅੰਮ੍ਰਿਤ ਛਕਣ ਤੋਂ ਪਹਿਲਾਂ ਕੀ ਨਾਮ ਸੀ ?

Sri Satguru Jagjit Singh Ji eLibrary NamdhariElibrary@gmail.com

— ਗੋਬਿੰਦ ਰਾਏ ।

25. ਗੁਰੂ ਗੋਬਿੰਦ ਸਿੰਘ ਜੀ 'ਆਪੇ ਗੁਰ ਚੇਲਾ' ਕਿਵੇਂ ਸਨ ?

— ਕਿਉਂਕਿ ਉਹਨਾਂ ਨੇ ਪਹਿਲਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਫਿਰ ਉਹਨਾਂ ਪਾਸੋਂ ਅੰਮ੍ਰਿਤ ਛਕਿਆ ।

26. ਅਨੰਦਪੁਰ ਦੇ ਕਿਲ੍ਹੇ ਵਿਚ ਕਿੰਨੇ ਸਿੰਘ ਬੇਦਾਵਾ ਲਿਖ ਕੇ ਦੇ ਗਏ ਸਨ ?

— 40 ਸਿੰਘ ।

27. ਲੋਹਗੜ੍ਹ ਦੇ ਕਿਲੇ ਵਿਚ ਨਾਗਨੀ ਬਰਛੇ ਨਾਲ ਮਸਤ ਹਾਥੀ ਦਾ ਮੁਕਾਬਲਾ ਕਿਸ ਸਿੰਘ ਨੇ ਕੀਤਾ ਸੀ ?

— ਭਾਈ ਬਚਿੱਤਰ ਸਿੰਘ ਜੀ ਨੇ ।

28. ਅਨੰਦਗੜ੍ਹ ਦਾ ਕਿਲਾ ਛੱਡਣ ਉਪਰੰਤ ਕੀ ਪਹਾੜੀ ਰਾਜਿਆਂ ਤੇ ਮੁਗਲਾਂ ਨੇ ਆਪਣੀਆਂ ਚੱਕੀਆਂ ਸਹੁੰਆਂ ਅਨੁਸਾਰ ਗੁਰੂ ਜੀ ਨੂੰ ਠੀਕ ਠਾਕ ਜਾਣ ਦਿੱਤਾ ?

— ਨਹੀਂ ਉਹ ਟੁੱਟ ਕੇ ਗੁਰੂ ਸਾਹਿਬ ਜੀ ਦੀਆਂ ਫੌਜਾਂ ਤੇ ਪੈ ਗਏ ਤੇ ਲੁੱਟ ਖਸੁੱਟ ਕੀਤੀ ।

29. ਕਿਸ ਨਦੀ ਵਿਚ ਕਾਫੀ ਸਿੱਖ ਇਤਿਹਾਸ ਤੇ ਲਿਖਤਾਂ ਰੁੜ੍ਹ ਗਈਆਂ ?

— ਇਤਿਹਾਸ ਸਰਸਾ ਨਦੀ ਦੀ ਭੇਟਾ ਚੜ੍ਹ ਗਿਆ ।

30. ਜਿਸ ਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਵਿਛੜਿਆ ਸੀ ਉਥੇ ਕਿਹੜਾ ਗੁਰਦੁਆਰਾ ਸ਼ੁਸ਼ੋਭਤ ਹੈ ?

— ਗੁਰਦੁਆਰਾ ਪਰਿਵਾਰ ਵਿਛੋੜਾ ।

31. 'ਭੱਠਾ ਸਾਹਿਬ' ਗੁਰਦੁਆਰਾ ਸਾਹਿਬ ਦਾ ਕੀ ਇਤਿਹਾਸ ਹੈ ?

— ਸਰਸਾ ਪਾਰ ਕਰਨ ਤੋਂ ਬਾਅਦ ਜਦੋਂ ਗੁਰੂ ਗੋਬਿੰਦ ਸਿੰਘ ਜੀ ਰੋਪੜ ਆਏ ਤਾਂ ਵਿਸ਼ਰਾਮ ਕਰਨ ਲਈ ਭੱਠੇ ਦੇ ਮਜ਼ਦੂਰਾਂ ਤੋਂ ਥਾਂ ਪੁੱਛੀ ਉਹਨਾਂ ਟਿਚਰ ਨਾਲ ਭੱਠੇ ਵੱਲ ਇਸ਼ਾਰਾ ਕੀਤਾ । ਗੁਰੂ ਸਾਹਿਬ ਘੋੜੇ ਸਮੇਤ ਜਦੋਂ ਭੱਠੇ ਵੱਲ ਵਧੇ ਤਾਂ ਘੋੜੇ ਦੇ ਪੌੜ ਰੱਖਣ ਨਾਲ ਹੀ ਭੱਠਾ ਠੰਡਾ ਹੋ ਗਿਆ ।

32. ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਕਿਸ ਯੁਧ ਵਿਚ ਸ਼ਹੀਦ ਹੋਏ?

— ਚਮਕੌਰ ਦੇ ਯੁੱਧ ਵਿਚ ।

33. ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਦੇ ਕਹਿਣ ਤੇ ਚਮਕੌਰ ਦੀ ਗੜ੍ਹੀ ਛੱਡੀ ?

— ਪੰਜਾਂ ਸਿੰਘਾਂ ਦੇ ਹੁਕਮ ਕਰਨ ਤੇ ।

34. ਚਮਕੌਰ ਦੀ ਗੜ੍ਹੀ ਛੱਡਣ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਨੂੰ ਕਲਗੀ ਸਜਾਈ ?

— ਭਾਈ ਸੰਗਤ ਸਿੰਘ ਜੀ ਨੂੰ ।

Sri Satguru Jagjit Singh Ji eLibrary NamdhariElibrary@gmail.com

35. ਛੋਟੇ ਸਾਹਿਬਜ਼ਾਦਿਆਂ ਨੂੰ ਫੜ੍ਹਾਉਣ ਵਾਲਾ ਕੌਣ ਸੀ ?
— ਗੰਗੂ ਬ੍ਰਾਹਮਣ ।
36. ਕਿਸ ਨਵਾਬ ਨੇ ਛੋਟੇ ਸਾਹਿਬਜ਼ਾਦਿਆਂ ਦੇ ਹੱਕ ਵਿਚ ਸਰਹੰਦ ਦੀ ਕਚਿਹਰੀ ਵਿਚ ਅਵਾਜ਼ ਉਠਾਈ ?
— ਮਲੇਰ ਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੇ ।
37. ਕਿਸ ਦੀਵਾਨ ਨੇ ਛੋਟੇ ਸਾਹਿਬਜ਼ਾਦਿਆਂ ਬਾਰੇ ਕਿਹਾ ਸੀ ਕਿ ਸੱਪ ਦੇ ਬੱਚੇ ਸੱਪ ਹੁੰਦੇ ਹਨ ?
— ਦੀਵਾਨ ਸੁੱਚਾ ਨੰਦ ਨੇ ਜਿਸਨੂੰ ਸਿੱਖ ਇਤਿਹਾਸ ਝੂਠਾ ਨੰਦ ਕਹਿੰਦਾ ਹੈ ।
38. ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਨਵਾਬ ਸਰਹਿੰਦ ਨੇ ਕਿਥੇ ਕੈਦ ਰੱਖਿਆ ਸੀ ?
— ਸਰਹਿੰਦ ਦੇ ਠੰਡੇ ਬੁਰਜ ਵਿਚ ਪੋਹ ਦੀ ਅੱਤ ਦੀ ਸਰਦੀ ਵਿਚ ।
39. ਛੋਟੇ ਸਾਹਿਬਜ਼ਾਦਿਆਂ ਦਾ ਵਿਆਹ ਕਿੱਥੇ ਅਤੇ ਕਿਸ ਨਾਲ ਹੋਇਆ ?
— ਸਰਹਿੰਦ ਦੀ ਦੀਵਾਰ ਵਿਚ ਚਿਣੇ ਜਾਣ ਉਪਰੰਤ ਲਾੜੀ ਮੌਤ ਨਾਲ ।
40. ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਉਪਰੰਤ ਕਿਸ ਦੀਵਾਨ ਨੇ ਮੋਹਰਾਂ ਵਿਛਾਕੇ ਸੰਸਕਾਰ ਲਈ ਥਾਂ ਲਈ ?
— ਦੀਵਾਨ ਟੋਡਰ ਮੱਲ ਨੇ ।
41. ਜਿਸ ਥਾਂ ਤੇ ਛੋਟੇ ਸਾਹਿਬਜ਼ਾਦਿਆਂ ਦਾ ਸੰਸਕਾਰ ਕੀਤਾ ਉਸ ਗੁਰਦੁਆਰਾ ਸਾਹਿਬ ਦਾ ਕੀ ਨਾਮ ਹੈ ?
— ਗੁਰਦੁਆਰਾ ਜੋਤੀ ਸਰੂਪ ਫਤਿਹਗੜ੍ਹ ਸਾਹਿਬ ।
42. ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਮਾਤਾ ਗੁਜਰੀ ਜੀ ਬੇਹੋਸ਼ ਹੋ ਗਏ ਅਤੇ ਬੇਹੋਸ਼ੀ ਦੀ ਹਾਲਤ ਵਿਚ ਉਹਨਾਂ ਦੀ ਮੌਤ ਹੋ ਗਈ ਕੀ ਤੁਸੀਂ ਇਸ ਨਾਲ ਸਹਿਮਤ ਹੋ ?
— ਨਹੀਂ । ਕਈ ਇਤਿਹਾਸਕਾਰਾਂ ਨੇ ਇਸੇ ਤਰ੍ਹਾਂ ਹੀ ਲਿਖਿਆ ਹੈ ਪਰ ਸੋਚਣ ਦੀ ਗੱਲ ਹੈ ਕਿ ਮਾਤਾ ਜੀ ਨੇ ਤਾਂ ਆਪ ਬੱਚਿਆਂ ਨੂੰ ਬੜੀ ਦ੍ਰਿੜਤਾ ਨਾਲ ਸ਼ਹੀਦੀ ਦਾ ਪਾਠ ਪੜ੍ਹਾਇਆ ਸੀ ਅਤੇ ਮਾਤਾ ਜੀ ਨੂੰ ਆਪਣੇ ਪਤੀ ਦੇ ਸ਼ਹੀਦ ਹੋਣ ਤੋਂ ਬਾਦ ਗਸ਼ ਨਹੀਂ ਪਈ ਤਾਂ ਇਹ ਗੱਲ ਮੰਨਣ ਵਿਚ ਨਹੀਂ ਆ ਸਕਦੀ ਕਿ ਮਾਤਾ ਜੀ ਇਤਨੇ ਕਮਜ਼ੋਰ ਦਿਲ ਦੇ ਸਨ । ਦਰਅਸਲ ਮਾਤਾ ਜੀ ਨੂੰ ਠੰਡੇ ਬੁਰਜ ਦੀ ਛੱਤ ਤੋਂ ਧੱਕਾ ਦੇ ਕੇ ਸ਼ਹੀਦ ਕੀਤਾ ਗਿਆ ।
43. ਗੁਰੂ ਗੋਬਿੰਦ ਸਿੰਘ ਜੀ ਟਿੰਡ ਦਾ ਸਿਰਹਾਣਾ ਲਾ ਕੇ ਕਿੱਥੇ ਸੁੱਤੇ ਸਨ ?
— ਮਾਛੀਵਾੜੇ ਦੇ ਜੰਗਲਾਂ ਵਿਚ ।
44. 'ਉੱਚ ਦੇ ਪੀਰ' ਦੇ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਮਾਛੀਵਾੜੇ ਤੋਂ

Sri Satguru Jagjit Singh Ji eLibrary NamdhariElibrary@gmail.com

ਲਿਜਾਣ ਵਾਲੇ ਪਠਾਣਾਂ ਦਾ ਕੀ ਨਾਮ ਸੀ ?

— ਗਨੀ ਖਾਂ ਤੇ ਨਬੀ ਖਾਂ ।

45. ਗਨੀ ਖਾਂ ਤੇ ਨਬੀ ਖਾਂ ਆਪਸ ਵਿਚ ਕੀ ਲਗਦੇ ਸਨ ?

— ਭਰਾ ।

46. ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਨਾਵਾਂ ਦੇ ਅੱਗੇ ਬਾਬਾ ਲਫਜ ਕਿਉਂ ਲਗਾਇਆ ਜਾਂਦਾ ਹੈ ਜਦਕਿ ਇਹ ਲਫਜ ਬਜੁਰਗਾਂ ਲਈ ਵਰਤਿਆ ਜਾਂਦਾ ਹੈ ?

— ਕਿਉਂਕਿ ਉਹਨਾਂ ਨੇ ਬਚਪਨ ਵਿਚ ਹੀ ਬਜੁਰਗਾਂ ਵਾਲੇ ਕੰਮ ਕੀਤੇ ।

47. ਗੁਰੂ ਗੋਬਿੰਦ ਸਿੰਘ ਜੀ ਵਲੋਂ ਔਰੰਗਜ਼ੇਬ ਨੂੰ ਲਿਖੀ ਲੰਬੀ ਚਿੱਠੀ ਨੂੰ ਕੀ ਕਹਿੰਦੇ ਹਨ ?

— ਜ਼ਫ਼ਰਨਾਮਾ ।

48. ਜ਼ਫ਼ਰਨਾਮਾ ਕਿਸ ਭਾਸ਼ਾ ਵਿਚ ਹੈ ?

— ਫ਼ਾਰਸੀ ਭਾਸ਼ਾ ਵਿਚ ।

49. 'ਉੱਚ ਦੇ ਪੀਰ' ਬਣਕੇ ਗੁਰੂ ਗੋਬਿੰਦ ਸਿੰਘ ਜੀ ਕਿੱਥੋਂ ਤੱਕ ਆਏ ਸਨ ?

— ਆਲਮਗੀਰ (ਲੁਧਿਆਣਾ) ।

50. ਆਲਮਗੀਰ ਪਹੁੰਚਣ ਤੇ ਕਿਸ ਸਿੱਖ ਨੇ ਘੋੜਾ ਭੇਂਟ ਕੀਤਾ ਸੀ ?

— ਨਗਾਹੀਆ ਸਿੰਘ ਨੇ ।

51. ਬੇਦਾਵਾ ਲਿਖ ਕੇ ਆਉਣ ਵਾਲੇ ਚਾਲੀ ਸਿੰਘਾਂ ਨੂੰ ਕਿਸ ਇਸਤਰੀ ਨੇ ਫਿਟਕਾਰਾਂ ਪਾਈਆਂ ਸਨ ?

— ਮਾਈ ਭਾਗ ਕੌਰ ਜੀ ਨੇ ।

52. ਮਾਤਾ ਭਾਗ ਕੌਰ ਦੀ ਅਗਵਾਈ ਵਿਚ ਸਿੰਘ ਕਿਹੜੇ ਸਥਾਨ ਤੇ ਸ਼ਹੀਦ ਹੋਏ?

— ਮੁਕਤਸਰ ਖਿਦਰਾਣੇ ਦੀ ਢਾਬ ।

53. ਕਿਹੜੇ ਸਿੰਘ ਨੇ ਖਿਦਰਾਣੇ ਦੀ ਢਾਬ ਵਾਲੇ ਯੁੱਧ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਪਾੜਣ ਦੀ ਬੇਨਤੀ ਕੀਤੀ ਸੀ ?

— ਭਾਈ ਮਹਾਂ ਸਿੰਘ ਜੀ ਨੇ ।

54. ਦਮਦਮਾ ਸਾਹਿਬ (ਬਠਿੰਡਾ) ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਨਾਮ ਨਾਲ ਨਿਵਾਜਿਆ ?

— ਗੁਰੂ ਕੀ ਕਾਸ਼ੀ ।

55. ਭਾਈ ਮਨੀ ਸਿੰਘ ਜੀ ਪਾਸੋਂ ਗੁਰੂ ਗੋਬਿਦ ਸਿੰਘ ਜੀ ਨੇ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਕਿੱਥੇ ਲਿਖਵਾਈ ਸੀ ?

— ਦਮਦਮਾ ਸਾਹਿਬ ।

Sri Satguru Jagjit Singh Ji eLibrary NamdhariElibrary@gmail.com

56. ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ ਕਿਉਂ ਭੇਜਿਆ ਸੀ ?
— ਸਿੱਖਾਂ ਨੂੰ ਇੱਕਠੇ ਕਰਕੇ ਜ਼ੁਲਮ ਨਾਲ ਟਕਰਾਉਣ ਲਈ ।
57. ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ ਦੀ ਇੱਟ ਨਾਲ ਇੱਟ ਕਿਉਂ ਖੜਕਾਈ?
— ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ।
58. 'ਜਾਗਤ ਜੋਤ ਜਪੈ ਨਿਸ ਬਾਸਰ' ਵਾਲਾ ਸਵਈਆ ਕਿਸ ਗੁਰੂ ਸਾਹਿਬ ਜੀ ਦਾ ਉਚਾਰਨ ਕੀਤਾ ਹੋਇਆ ਹੈ ?
— ਗੁਰੂ ਗੋਬਿੰਦ ਸਿੰਘ ਜੀ ਦਾ ।
59. ਕਿਹੜੇ ਗੁਰੂ ਜੀ ਦਾ ਪੰਜਾਬ ਤੋਂ ਬਾਹਰ ਹੀ ਪ੍ਰਕਾਸ਼ ਹੋਇਆ ਤੇ ਬਾਹਰ ਹੀ ਜੋਤੀ ਜੋਤ ਸਮਾਏ ?
— ਗੁਰੂ ਗੋਬਿੰਦ ਸਿੰਘ ਜੀ ।
60. ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਕਿੱਥੇ ਸਮਾਏ ?
— ਨੰਦੇੜ (ਮਹਾਰਾਸ਼ਟਰ) ।
61. ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਤੋਂ ਬਾਅਦ ਗੁਰਗੱਦੀ ਕਿਸਨੂੰ ਦਿਤੀ ?
— ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ।
62. ਗੁਰੂ ਗੋਬਿੰਦ ਸਿੰਘ ਜੀ ਕਦੋਂ ਜੋਤੀ ਜੋਤ ਸਮਾਏ ?
— 7 ਅਕਤੂਬਰ 1708 ਨੂੰ ।

(ਚ) ਸ੍ਰੀ ਗੁਰੂ ਗਰੰਥ ਸਾਹਿਬ ਜੀ

1. ਇਸ ਵੇਲੇ ਸਿੱਖ ਕੌਮ ਦੇ ਗੁਰੂ ਕੌਣ ਹਨ ?
— ਸ੍ਰੀ ਗੁਰੂ ਗਰੰਥ ਸਾਹਿਬ ਜੀ ।
2. ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਕਿਤਨੇ ਪੰਨੇ ਹਨ ?
— 1430 ਪੰਨੇ ।
3. ਗੁਰਦੁਆਰਾ ਸਾਹਿਬ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਤੋਂ ਇਲਾਵਾ ਹੋਰ ਕਿਹੜੀ ਗੱਲ ਅਤਿਅੰਤ ਜ਼ਰੂਰੀ ਹੈ ?
— ਸੰਗਤ ਅਤੇ ਨਿਸ਼ਾਨ ਸਾਹਿਬ ।
4. ਗੁਰੂ ਗਰੰਥ ਸਾਹਿਬ ਕਿਹੜੀ ਲਿਪੀ ਵਿਚ ਲਿਖਿਆ ਹੈ ?
— ਗੁਰਮੁਖੀ ਲਿਪੀ ਵਿਚ ।
5. ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਘੂੜੇ ਜਾਂ ਪਾਵਿਆਂ ਨੂੰ ਮੁੱਠੀਆਂ ਭਰਨੀਆਂ ਕੰਧਾਂ ਜਾਂ ਥੜਿਆਂ ਤੇ ਨੱਕ ਰਗੜਨੇ ਗੁਰਮਤਿ ਹੈ ਜਾਂ ਮਨਮਤਿ ?

— ਮਨਮਤਿ ।

6. ਗੁਰਦੁਆਰਾ ਸਾਹਿਬ ਅੰਦਰ ਜਾ ਕੇ ਸਿੱਖ ਦਾ ਪਹਿਲਾ ਕਰਮ ਕੀ ਹੈ ?

— ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਮੱਥਾ ਟੇਕਣਾ ।

7. ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਵਾਰੀ ਲਿਜਾਣ ਵੇਲੇ ਕਿਤਨੇ ਸਿੰਘ ਨਾਲ ਹੋਣੇ ਚਾਹੀਦੇ ਹਨ ?

— ਘੱਟ ਤੋਂ ਘੱਟ ਪੰਜ ।

8. ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਘੱਟ ਬਾਣੀ ਕਿਹੜੇ ਗੁਰੂ ਸਾਹਿਬ ਦੀ ਹੈ ?

— ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ।

9. ਕਿਹੜੇ ਮੁਸਲਮਾਨ ਭਗਤ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ?

— ਬਾਬਾ ਫਰੀਦ ਜੀ ਦੀ ।

10. ਗੁਰੂ ਗ੍ਰੰਥ ਸਾਹਿਬ ਵਿਚ ਕਿਤਨੇ ਗੁਰੂਆਂ ਦੀ ਬਾਣੀ ਹੈ ?

— ਛੇ ਗੁਰੂਆਂ ਦੀ ।

11. ਗੁਰੂ ਗ੍ਰੰਥ ਸਾਹਿਬ ਵਿਚ ਕਿਤਨੇ ਭਗਤਾਂ ਦੀ ਬਾਣੀ ਹੈ ?

— ਪੰਦਰਾਂ ਭਗਤਾਂ ਦੀ ।

12. ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਕਿਤਨੇ ਰਾਗਾਂ ਵਿਚ ਹੈ ?

— 31 ਰਾਗਾਂ ਵਿਚ ।

13. ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਪਹਿਲਾ ਰਾਗ ਕਿਹੜਾ ਹੈ ?

— ਸ੍ਰੀ ਰਾਗ ।

14. ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਅਖੀਰਲਾ ਰਾਗ ਕਿਹੜਾ ਹੈ ?

— ਜੈਜਾਵੰਤੀ ਰਾਗ ।

15. ਗੁਰਦੁਆਰਾ ਸਾਹਿਬ ਦੀ ਇਮਾਰਤ ਵਿਚ ਸਭ ਤੋਂ ਜ਼ਰੂਰੀ ਕੀ ਹੈ ?

— ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ।

16. ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਤੋਂ ਬਿਨਾਂ ਕਿਸੇ ਹੋਰ ਗਰੰਥ ਦਾ ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ ਹੋ ਸਕਦਾ ਹੈ ਜਾਂ ਨਹੀਂ ?

— ਨਹੀਂ ।

17. ਸਹਿਜ ਪਾਠ ਕਿਸਨੂੰ ਕਹਿੰਦੇ ਹਨ ?

— ਜਿਹੜਾ ਪਾਠ ਸਹਿਜੇ-ਸਹਿਜੇ ਤੇ ਵਿਚਾਰ ਸਹਿਤ ਕੀਤਾ ਜਾਵੇ ।

18. ਗੁਰੂ ਮੰਤਰ ਕੀ ਹੈ ?

— ਵਾਹਿਗੁਰੂ । ਵਾਹਿਗੁਰੂ ਗੁਰ ਮੰਤਰ ਹੈ ਜਪ ਹਉਮੈ ਖੋਈ (ਭਾਈ ਗੁਰਦਾਸ)

19. ਮੂਲ ਮੰਤਰ ਕੀ ਹੈ ?

— ੧ਓ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ

_Sri Satguru Jagjit Singh Ji eLibrary NamdhariElibrary@gmail.com

ਸੈਭੰ ਗੁਰ ਪ੍ਰਸਾਦਿ ॥

20. ਅਖੰਡ ਪਾਠ ਦੀ ਸਮਾਪਤੀ 48 ਘੰਟੇ ਤੋਂ ਪਹਿਲਾਂ ਹੋਣੀ ਚਾਹੀਦੀ ਹੈ ਜਾਂ ਪਿੱਛੋਂ ?

— ਕੀ ਜਪੁਜੀ ਸਾਹਿਬ ਜਾਂ ਸੁਖਮਨੀ ਸਾਹਿਬ ਦੇ ਪਾਠ ਦਾ ਸਮਾਂ ਨਿਸ਼ਚਿਤ ਹੈ ਜੇ ਨਹੀਂ ਤਾਂ ਅਖੰਡ ਪਾਠ ਦਾ ਸਮਾਂ ਵੀ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ ਭਾਵੇਂ 46 ਘੰਟੇ ਲੱਗਣ ਜਾਂ 50 ਘੰਟੇ ਇਸ ਦਾ ਮਰਿਆਦਾ ਨਾਲ ਕੋਈ ਸੰਬੰਧ ਨਹੀਂ ।

21. ਗੁਰਦੁਵਾਰੇ ਦੀ ਮਾਇਆ ਸਿੱਧੇ ਜਾਂ ਅਸਿੱਧੇ ਤੌਰ ਤੇ ਹਜ਼ਮ ਕਰਨ ਵਿਚ ਕਿਹੜੇ ਗੁਣ ਪੈਦਾ ਹੋ ਜਾਂਦੇ ਹਨ ?

— ਧਰਮਸਾਲ ਦੀਆਂ ਰੋਟੀਆਂ ਤਿੰਨ ਕੰਮ ਕਰੇਣ !—ਹੱਡ ਗਾਲਣ, ਮਤਿ ਮਾਰਣ ਤੇ ਕੰਮ ਕਰਨ ਨਾ ਦੇਣ।

22. ਗੁਰਦੁਆਰਾ ਸਾਹਿਬ ਵਿਚ ਚਾਨਣੀ ਕਿਸ ਨੂੰ ਕਹਿੰਦੇ ਹਨ ?

— ਗੁਰੂ ਗ੍ਰੰਥ ਸਾਹਿਬ ਉੱਪਰ ਲਗਾਏ ਚੰਦੋਏ ਨੂੰ ।

23. ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਪਾਲਕੀ ਵਿਚ ਕਰਨਾ ਚਾਹੀਦਾ ਹੈ ਜਾਂ ਪੀੜਾ ਸਾਹਿਬ ਤੇ

— ਪੀੜਾ ਸਾਹਿਬ ਤੇ ਕਿਉਂਕਿ ਪਾਲਕੀ ਤਾਂ ਇਕ ਥਾਂ ਤੋਂ ਦੂਜੀ ਥਾਂ ਤੇ ਲਿਜਾਣ ਲਈ ਹੁੰਦੀ ਹੈ ।

24. ਚੌਰ ਕੀ ਹੁੰਦਾ ਹੈ ?

— ਜਿਹੜਾ ਗ੍ਰੰਥ ਸਾਹਿਬ ਜੀ ਉੱਪਰ ਝੁਲਾਇਆ ਜਾਂਦਾ ਹੈ ।

25. ਗੁਰਦੁਆਰਾ ਸਾਹਿਬ ਵਿਚ ਅਰਦਾਸ ਤੋਂ ਬਾਅਦ ਕੀ ਹੁੰਦਾ ਹੈ ?

— ਗੁਰੂ ਗਰੰਥ ਸਾਹਿਬ ਤੋਂ ਹੁਕਮਨਾਮਾ ਲਿਆ ਜਾਂਦਾ ਹੈ ।

26. ਕੀ ਗੁਰਦੁਆਰਾ ਸਾਹਿਬ ਦਾ ਨਾਮ ਜਾਤ ਬਰਾਦਰੀ ਤੇ ਰਖੱਣਾ ਜਿਵੇਂ ਰਾਮਗੜ੍ਹੀਆ ਦਾ ਗੁਰਦੁਆਰਾ, ਪੋਠੋਹਾਰ ਗੁਰਦੁਆਰਾ ਅਦਿ ਠੀਕ ਹੈ ?

— ਨਹੀਂ । ਗੁਰਦੁਆਰਾ ਸਾਹਿਬ ਦਾ ਨਾਮ ਕੇਵਲ ਗੁਰੂ ਸਾਹਿਬ ਦੇ ਨਾਮ ਤੇ ਜਾਂ ਕਿਸੇ ਕੁਰਬਾਨੀ ਵਾਲੇ ਸਿੰਘ ਸਿੰਘਣੀ ਦੇ ਨਾਮ ਤੇ ਹੋਣਾ ਚਾਹੀਦਾ ਹੈ?

27. ਗੁਰੂ ਗਰੰਥ ਸਾਹਿਬ ਜੀ ਵਿਚ ਕਿਤਨੇ ਭੱਟਾਂ ਤੇ ਗੁਰਸਿੱਖਾਂ ਦੀ ਬਾਣੀ ਦਰਜ ਹੈ ।

— 11 ਭੱਟ ਤੇ ਚਾਰ ਗੁਰਸਿੱਖਾਂ ਦੀ ।

Sri Satguru Jagjit Singh Ji eLibrary NamdhariElibrary@gmail.com

ਸਿੱਖ ਇਤਿਹਾਸ

1. ਸ਼ਹੀਦ ਕਿਸਨੂੰ ਕਹਿੰਦੇ ਹਨ ?
— ਜੋ ਨਿੱਜੀ ਹਿੱਤ ਤਿਆਗ ਕੇ ਸਰਬ ਲੁਕਾਈ ਦੀ ਖਾਤਿਰ ਆਪਣਾ ਆਪ ਕੁਰਬਾਨ ਕਰ ਦੇਵੇ, ਉਸਨੂੰ ਸ਼ਹੀਦ ਆਖਦੇ ਹਨ।
2. ਪੰਜ ਪੁਰਾਤਨ ਸ਼ਹੀਦਾਂ ਦਾ ਨਾਮ ਦੱਸੋ।
— ਭਾਈ ਮਨੀ ਸਿੰਘ ਜੀ, ਭਾਈ ਸੁਬੇਗ ਸਿੰਘ ਜੀ, ਭਾਈ ਸ਼ਾਹਬਾਜ ਸਿੰਘ ਜੀ, ਭਾਈ ਬੋਤਾ ਸਿੰਘ ਜੀ ਤੇ ਭਾਈ ਗੁਰਬਖਸ਼ ਸਿੰਘ ਜੀ।
3. ਅੰਗ-ਅੰਗ ਕਿਸ ਦਾ ਕਟਿਆ ਗਿਆ ਸੀ ?
— ਭਾਈ ਮਨੀ ਸਿੰਘ ਜੀ ਦਾ।
4. ਖੋਪਰੀ ਲੁਹਾ ਲਈ ਪਰ ਕੇਸਾਂ ਦੀ ਬੇਅਦਬੀ ਨਹੀਂ ਹੋਣ ਦਿੱਤੀ, ਕਿਸ ਨੇ ?
— ਭਾਈ ਤਾਰੂ ਸਿੰਘ ਜੀ ਨੇ।
5. ਚਰਖੜੀਆਂ ਤੇ ਕਿਹਨਾਂ ਨੂੰ ਚਾੜ੍ਹਿਆ ਗਿਆ ?
— ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ ਸਿੰਘ ਜੀ।
6. ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ਕੀ ਕੀਤਾ ਸੀ ?
— ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਬਦਲੇ ਮੱਸਾ ਰੰਗੜ ਦਾ ਸਿਰ ਵੱਢਕੇ ਜੰਗਲਾਂ ਵਿਚ ਬੈਠੇ ਜੱਥੇਦਾਰ ਅੱਗੇ ਭੇਟ ਕੀਤਾ ਸੀ।
7. ਕਿਸ ਸਿੰਘ ਨੇ ਨਵਾਬੀ ਮਿਲਣ ਦੇ ਬਾਵਜੂਦ ਘੋੜਿਆਂ ਦੇ ਤਬੇਲੇ ਦੀ ਸੇਵਾ ਨਹੀਂ ਛੱਡੀ ਸੀ ?
— ਨਵਾਬ ਕਪੂਰ ਸਿੰਘ ਨੇ।
8. ਉਹ ਕਿਹੜੇ ਸ਼ਹੀਦ ਸਨ ਜਿਹੜੇ ਬਿਰਧ ਅਵਸਥਾ ਵਿਚ ਵੀ ਜੰਗੇ ਮੈਦਾਨ ਵਿਚ ਜੂਝਦੇ ਰਹੇ ?
— ਬਾਬਾ ਦੀਪ ਸਿੰਘ ਜੀ।
9. ਬਾਬਾ ਦੀਪ ਸਿੰਘ ਜੀ ਨੇ ਸ਼ਹੀਦੀ ਕਿਉਂ ਦਿੱਤੀ ?
— ਹਰਿਮੰਦਰ ਸਾਹਿਬ ਦੀ ਬੇਅਦਬੀ ਰੁਕਵਾਉਣ ਲਈ।
10. ਜਿਸ ਅਸਥਾਨ ਤੇ ਬਾਬਾ ਦੀਪ ਸਿੰਘ ਜੀ ਸ਼ਹੀਦ ਹੋਏ ਸਨ ਉਹ ਅਸਥਾਨ ਕਿਸ ਸ਼ਹਿਰ ਵਿਚ ਹੈ?
— ਸ੍ਰੀ ਅੰਮ੍ਰਿਤਸਰ ਵਿਚ।
11. ਛੋਟਾ ਘਲੂਘਾਰਾ ਕਿੱਥੇ ਹੋਇਆ ਤੇ ਇਸ ਵਿਚ ਕਿੰਨੇ ਸਿੰਘ ਸ਼ਹੀਦ ਹੋਏ ?
— ਕਾਹਨੂੰਵਾਨ ਦੀ ਛੰਭ ਵਿਚ ਦਸ ਹਜ਼ਾਰ ਦੇ ਕਰੀਬ ਸਿੰਘ ਸ਼ਹੀਦ ਹੋਏ।
12. ਵੱਡਾ ਘੱਲੂਘਾਰਾ ਕਿੱਥੇ ਹੋਇਆ ਤੇ ਕਿਤਨੇ ਸਿੰਘ ਸ਼ਹੀਦ ਹੋਏ ?

Sri Satguru Jagjit Singh Ji eLibrary NamdhariElibrary@gmail.com

— ਮਲੇਰ ਕੋਟਲਾ ਦੇ ਨੇੜੇ ਕੁਪ ਦੇ ਮੈਦਾਨ ਵਿਚ, ਵੀਹ ਹਜ਼ਾਰ ਦੇ ਕਰੀਬ ਸਿੰਘ ਸ਼ਹੀਦ ਹੋਏ ।

13. ਦੀਵਾਨ ਕੌੜਾ ਮੱਲ ਨੂੰ ਸਿੰਘ ਪਿਆਰ ਨਾਲ ਮਿੱਠਾ ਮੱਲ ਕਿਉਂ ਆਖਦੇ ਸਨ?

— ਕਿਉਂਕਿ ਜਿਸ ਸਮੇਂ ਸਿੰਘ ਜੰਗਲਾਂ ਵਿਚ ਰਹਿੰਦੇ ਸਨ ਤਾਂ ਉਸਨੇ ਸਿੰਘਾਂ ਦੀ ਬਹੁਤ ਮੱਦਦ ਕੀਤੀ ਸੀ ।

14. ਸਿੰਘਾਂ ਨੇ ਕਸੂਰ ਤੇ ਚੜ੍ਹਾਈ ਕਿਉਂ ਕੀਤੀ ਸੀ ?

— ਬ੍ਰਾਹਮਣ ਦੀ ਪੁਕਾਰ ਸੁਣ ਕੇ ਉਸਦੀ ਪਤਨੀ ਮੁਗਲ ਫੌਜਾਂ ਪਾਸੋਂ ਛੁਡਾਉਣ ਲਈ ।

15. ਭਾਈ ਘਨਈਆ ਜੀ ਰੈਡ ਕਰਾਸ ਦੇ ਬਾਨੀ ਕਿਵੇਂ ਹਨ ?

— ਕਿਉਂਕਿ ਉਹਨਾਂ ਨੇ ਬਿਨਾ ਧਰਮ ਦੇ ਵਿਤਕਰੇ ਦੇ ਹਰ ਜ਼ਖ਼ਮੀ ਨੂੰ ਪਾਣੀ ਪਿਆਇਆ ਤੇ ਉਸਦੀ ਮਰਹਮ ਪੱਟੀ ਕੀਤੀ ।

16. ਕਿਹੜੇ ਸੂਰਬੀਰ ਸਿੰਘ ਬਹਾਦਰ ਨੇ ਦਿੱਲੀ ਦੇ ਲਾਲ ਕਿਲੇ ਤੇ ਖਾਲਸਾਈ ਨਿਸ਼ਾਨ ਝੁਲਾਇਆ ?

— ਬਾਬਾ ਬਘੇਲ ਸਿੰਘ ਜੀ ਨੇ 1783 ਵਿਚ ।

17. ਕਿਸੇ ਸਿਖ ਜਰਨੈਲ ਦਾ ਨਾਮ ਦਸੋ ?

— ਜੱਸਾ ਸਿੰਘ ਰਾਮਗੜ੍ਹੀਆ ।

18. ਕਿਹੜਿਆਂ ਦੋ ਸਿੰਘਾਂ ਨੇ ਰਾਹ ਰੋਕ ਕੇ ਖਾਲਸਾਈ ਸਰਕਾਰ ਕਾਇਮ ਕੀਤੀ ਤੇ ਟੈਕਸ ਉਗਰਾਹੁਣਾ ਸ਼ੁਰੂ ਕੀਤਾ ?

— ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਜੀ ਨੇ ।

19. ਉਹ ਕਿਹੜਾ ਬਾਦਸ਼ਾਹ ਸੀ ਜਿਸਨੇ ਸਾਰੀਆਂ ਸਿਖ ਮਿਸਲਾਂ ਨੂੰ ਇਕੱਠੇ ਕਰਕੇ ਖਾਲਸਾ ਰਾਜ ਦੀ ਸਥਾਪਨਾ ਕੀਤੀ ?

— ਮਹਾਰਾਜਾ ਰਣਜੀਤ ਸਿੰਘ ।

20. ਮਹਾਰਾਜਾ ਰਣਜੀਤ ਸਿੰਘ ਨੂੰ 'ਸ਼ੇਰੇ ਪੰਜਾਬ' ਕਿਉਂ ਆਖਦੇ ਹਨ ?

— ਕਿਉਂਕਿ ਉਸਦੇ ਰਾਜ ਵਿਚ ਬਿਨਾ ਮਜ਼ਹਬੀ ਵਿਤਕਰੇ ਦੇ ਸਭ ਨੂੰ ਬਰਾਬਰ ਦਾ ਸਤਿਕਾਰ ਮਿਲਦਾ ਸੀ ।

21. ਕੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਿੱਕਾ ਮਹਾਰਾਜੇ ਦੇ ਨਾਮ ਦਾ ਚਲਦਾ ਸੀ ?

— ਨਹੀਂ । ਨਾਨਕਸ਼ਾਹੀ ਸਿੱਕਾ ਚਲਦਾ ਸੀ ।

22. ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਕੌਣ ਸੀ ?

— ਅਕਾਲੀ ਫੂਲਾ ਸਿੰਘ ਜੀ ।

23. ਉਹ ਕਿਹੜਾ ਜਰਨੈਲ ਸੀ, ਜਿਸ ਤੋਂ ਕਾਬਲ ਕੰਧਾਰ ਦੀਆਂ ਕੰਧਾਂ ਵੀ ਡੇ

Sri Satguru Jagjit Singh Ji eLibrary NamdhariElibrary@gmail.com

ਖਾਂਦੀਆਂ ਸਨ ?

— ਜਰਨੈਲ ਹਰੀ ਸਿੰਘ ਨਲੂਆ ।

24. ਹਰਿਮੰਦਰ ਸਾਹਿਬ ਤੇ ਸੋਨਾ ਚੜ੍ਹਾਉਣ ਦੀ ਸੇਵਾ ਕਿਸਨੇ ਕੀਤੀ ?

— ਮਹਾਰਾਜਾ ਰਣਜੀਤ ਸਿੰਘ ਨੇ ।

25. ਸੋਮਨਾਥ ਮੰਦਰ ਦੇ ਜੋ ਦਰਵਾਜੇ ਮਹਿਮੂਦ ਗਜਨਵੀ ਲਾਹ ਕੇ ਲੈ ਗਿਆ ਸੀ ਉਸਨੂੰ ਵਾਪਸ ਕੌਣ ਲਿਆਇਆ ਤੇ ਉਹ ਹੁਣ ਕਿੱਥੇ ਹਨ ?

— ਮਹਾਰਾਜਾ ਰਣਜੀਤ ਸਿੰਘ । ਅੱਜ ਕਲ ਹਰਿਮੰਦਰ ਸਾਹਿਬ ਹਨ ।

26. ਕਿਸੇ ਸਿਖ ਵਿਦਵਾਨ ਦਾ ਨਾਮ ਦਸੋ ?

— ਭਾਈ ਕਾਹਨ ਸਿੰਘ ਜੀ ਨਾਭਾ ।

27. ਕਿਸੇ ਪੁਰਾਤਨ ਸਿਖ ਕੀਰਤਨੀਏ ਦਾ ਨਾਮ ਦਸੋ ?

— ਭਾਈ ਹੀਰਾ ਸਿੰਘ ਜੀ ।

28. ਨਨਕਾਣਾ ਸਾਹਿਬ ਦਾ ਸਾਕਾ ਕਿਉਂ ਵਾਪਰਿਆ ?

— ਜਦੋਂ ਨਰੈਣੂ ਮਸੰਦ ਕੁਕਰਮੀ ਹੋ ਗਿਆ ਤਾਂ ਉਸ ਪਾਸੋਂ ਗੁਰਦੁਆਰਾ ਸਾਹਿਬ ਦਾ ਕਬਜਾ ਲੈਣ ਗਏ ਸਿੰਘਾਂ ਨੂੰ ਸ਼ਹੀਦੀਆਂ ਦੇਣੀਆਂ ਪਈਆਂ ।

29. ਪੰਜਾ ਸਾਹਿਬ ਵਿਖੇ ਸਿੰਘਾਂ ਨੇ ਸ਼ਹੀਦੀਆਂ ਦੇ ਕੇ ਰੇਲ ਗੱਡੀ ਕਿਉਂ ਰੁਕਵਾਈ?

— ਗੁਰੂ ਕੇ ਬਾਗ ਦੇ ਮੋਰਚੇ ਤੋਂ ਕੈਦ ਕੀਤੇ ਸਿੰਘਾਂ ਨੂੰ ਲੰਗਰ ਛਕਾਉਣ ਲਈ ।

30. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਹੋਂਦ ਵਿਚ ਆਈ ?

— ਅੰਗਰੇਜੀ ਰਾਜ ਸਮੇਂ ਗੁਰਦੁਆਰਾ ਸੁਧਾਰ ਲਹਿਰ ਚਲੀ ਉਸ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ ।

31. ਸਿਖ ਵਿਸਾਖੀ ਕਿਉਂ ਮਨਾਂਉਦੇ ਹਨ ?

— ਇਸ ਦਿਨ ਖਾਲਸਾ ਪੰਥ ਸਾਜਿਆ ਗਿਆ ਸੀ । ਇਸ ਤਰਾਂ ਇਹ ਦਿਹਾੜਾ ਖਾਲਸੇ ਦਾ ਪ੍ਰਗਟ ਦਿਵਸ ਹੈ ।

32. ਜਲਿਆ ਵਾਲੇ ਬਾਗ ਵਿਚ ਕਿਸਨੇ ਗੋਲੀ ਚਲਾਈ ਸੀ ?

— ਜਨਰਲ ਡਾਇਰ ਨੇ ।

33. 1978 ਦੀ ਵਿਸਾਖੀ ਤੋਂ ਬਾਦ ਕਿੰਨ੍ਹਾ ਨਾਲੋਂ ਰੋਟੀ ਬੇਟੀ ਦੀ ਸਾਂਝ ਤੋੜਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਹੋਇਆ ਸੀ ?

— ਨਿਰੰਕਾਰੀਆਂ ਨਾਲੋਂ ।

34. ਜੂਨ 1984 ਵਿਚ ਕੀ ਦੁਖਾਂਤ ਵਾਪਰਿਆ ?

— ਸ੍ਰੀ ਹਰਿਮੰਦਰ ਸਾਹਿਬ ਤੇ ਫੌਜੀ ਕਾਰਵਾਈ ਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਟੈਂਕਾਂ ਨਾਲ ਉਡਾਉਣ ਦੀ ਕੋਝੀ ਹਰਕਤ ।

35. ਕਿਸੇ ਸਿਖ ਲਿਖਾਰੀ ਦਾ ਨਾਮ ਦਸੋ ?

— ਭਾਈ ਰਣਧੀਰ ਸਿੰਘ ਜੀ ।

Sri Satguru Jagjit Singh Ji eLibrary NamdhariElibrary@gmail.com

36. ਪੰਜਾਬੀ ਦੇ ਕਿਸੇ ਗੁਰਮਤਿ ਨਾਲ ਪ੍ਰਤਿਬੱਧ ਨਾਵਲਕਾਰ ਦਾ ਨਾਮ ਦਸੋ ?
— ਭਾਈ ਵੀਰ ਸਿੰਘ ਜੀ ।
37. ਭਾਈ ਵੀਰ ਸਿੰਘ ਦਾ ਉਹ ਕਿਹੜਾ ਨਾਵਲ ਸੀ ਜਿਸਨੂੰ ਪੜ੍ਹਕੇ ਕਈ ਸਹਿਜਧਾਰੀ ਵੀ ਸਿੰਘ ਸਜ ਗਏ ।
— ਸੁੰਦਰੀ ।
38. ਸਾਡੀ ਮਾਂ ਬੋਲੀ ਪੰਜਾਬੀ ਹੈ ਪਰ ਕਿਸੇ ਬੋਲੀ ਨਾਲ ਵੀ ਸਾਨੂੰ ਲਗਾਉ ਹੋਣਾ ਚਾਹੀਦਾ ਹੈ ਜਾਂ ਨਹੀਂ ?
— ਹੋਣਾ ਚਾਹੀਦਾ ਹੈ ਪਰ ਮਾਸੀ ਵਰਗਾ ।
39. ਭਗਤ ਪ੍ਰਹਿਲਾਦ ਦੀ ਰਖਿਆ ਲਈ ਪ੍ਰਮਾਤਮਾ ਕੀ ਰੂਪ ਧਾਰਕੇ ਆਇਆ?
— ਨਰ ਸਿੰਘ ਦਾ ।
40. ਭਗਤ ਕਬੀਰ ਜੀ ਕਿੱਤੇ ਵਜੋਂ ਕੀ ਕਰਦੇ ਸਨ ?
— ਜੁਲਾਹੇ ਦਾ ਕੰਮ ।
41. ਭਗਤ ਰਵਿਦਾਸ ਜੀ ਕਿੱਤੇ ਵਜੋਂ ਕੀ ਕਰਦੇ ਸਨ ?
— ਚਮੜੇ ਦਾ ਕੰਮ ।

ਸਿੱਖ ਰਹਿਣੀ

1. ਰਹਿਤ ਕਿਸ ਨੂੰ ਕਹਿੰਦੇ ਹਨ ?
— ਧਰਮ ਕਰਮ ਵਿਚ ਪਰਪੱਕ ਹੋਣਾ ।
2. ਧਰਮ ਕਰਮ ਦੇ ਕੀ ਅਰਥ ਹਨ ?
— ਧਰਮ ਜੋ ਕਹਿੰਦਾ ਹੈ ਉਸਨੂੰ ਜੀਵਨ ਵਿਚ ਅਪਨਾਉਣ ਨੂੰ ਧਰਮ ਕਹਿੰਦੇ ਹਨ।
3. ਗੁਰਬਾਣੀ ਅਨੁਸਾਰ ਸਿੱਖ ਕੌਣ ਹੈ ?
— ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚ ਆਵੈ ।
4. ਮੁੱਖ ਰਹਿਤ ਕੀ ਹੈ ?
— ਪ੍ਰਥਮ ਰਹਿਤ ਯੇ ਜਾਨ ਖੰਡੇ ਕੀ ਪਾਹੁਲ ਛਕੇ ।
5. ਸਿੱਖ ਨੂੰ ਸਿੰਘ ਕਿਵੇਂ ਬਣਾਇਆ ਜਾਂਦਾ ਹੈ ?
— ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ।
6. ਅੰਮ੍ਰਿਤ ਕਿੰਨੇ ਸਿੰਘ ਤਿਆਰ ਕਰਦੇ ਹਨ ?
— ਪੰਜ ਸਿੰਘ ਜਿੰਨਾਂ ਨੂੰ ਪੰਜ ਪਿਆਰੇ ਕਿਹਾ ਜਾਂਦਾ ਹੈ ।
7. ਪੰਜ ਕਕਾਰ ਕਿਹੜੇ ਹਨ ?
— ਕਿਰਪਾਨ, ਕੜਾ, ਕੰਘਾ, ਕੇਸ, ਤੇ ਕਛਿਹਰਾ ।
8. ਕਿਹੜਾ ਕਕਾਰ ਦੂਸਰੇ ਕਕਾਰ ਦੇ ਸੰਗ ਰਹਿੰਦਾ ਹੈ ?

— ਕੰਘਾ ਕੇਸਾਂ ਵਿਚ ।

9. ਅੰਮ੍ਰਿਤ ਕਿਸ ਬਾਟੇ ਵਿਚ ਤਿਆਰ ਕੀਤਾ ਜਾਂਦਾ ਹੈ ?

— ਸਰਬ ਲੋਹ ਦੇ ਬਾਟੇ ਵਿਚ ।

10. ਅੰਮ੍ਰਿਤ ਦੇ ਬਾਟੇ ਵਿਚ ਕੀ ਪਾਇਆ ਜਾਂਦਾ ਹੈ ?

— ਪਤਾਸੇ ਤੇ ਜਲ ।

11. ਕਕਾਰਾਂ ਵਿਚ ਸ਼ਸਤਰ ਕਿਹੜਾ ਹੈ ?

— ਕਿਰਪਾਨ ।

12. ਕਿਰਪਾਨ ਕਿਸਨੂੰ ਕਹਿੰਦੇ ਹਨ ?

— ਕ੍ਰਿਪਾ+ਆਨ । ਜੋ ਕਿਸੇ ਦੀ ਆਨ (ਇਜ਼ਤ) ਲਈ ਵਰਤੀ ਜਾਵੇ ।

13. ਕਿਰਪਾਨ ਤੇ ਤਲਵਾਰ ਵਿਚ ਕੀ ਫਰਕ ਹੈ ?

— ਤਲਵਾਰ ਜ਼ੁਲਮ ਕਰਦੀ ਹੈ, ਕਿਰਪਾਨ ਜ਼ੁਲਮ ਰੋਕਦੀ ਹੈ ।

14. ਕਿਰਪਾਨ ਕਿਸ ਵਿਚ ਲਗਾ ਕੇ ਧਾਰਨ ਕੀਤੀ ਜਾਂਦੀ ਹੈ ?

— ਗਾਤਰੇ ਵਿਚ ।

15. ਚਰਣਾਮਿਤ ਕੀ ਹੁੰਦਾ ਹੈ ?

— ਖੰਡੇ ਪਾਹੁਲ ਤੋਂ ਪਹਿਲਾਂ ਜੋ ਚਰਨ ਪਾਹੁਲ ਦਿਤੀ ਜਾਂਦੀ ਸੀ, ਉਸਨੂੰ ਚਰਣਾਮਿਤ ਕਹਿੰਦੇ ਸਨ ।

16. ਕੜਾ ਸੱਜੇ ਹੱਥ ਵਿਚ ਕਿਉਂ ਪਾਇਆ ਜਾਂਦਾ ਹੈ ?

— ਜਦੋਂ ਕੋਈ ਕੰਮ ਕਰੀਦਾ ਹੈ ਤਾਂ ਸੱਜਾ ਹੱਥ ਮੂਹਰੇ ਹੁੰਦਾ ਹੈ । ਜੇਕਰ ਅਸੀਂ ਬੁਰਾ ਕੰਮ ਕਰਨ ਲਈ ਹੱਥ ਵਧਾਵਾਂਗੇ ਤਾਂ ਗੁਰੂ ਦੀ ਨਿਸ਼ਾਨੀ ਸਾਹਮਣੇ ਆ ਕੇ ਸਾਨੂੰ ਰੋਕ ਲਵੇਗੀ ।

17. ਪਤਿਤ ਕਿਸ ਨੂੰ ਕਿਹਾ ਜਾਂਦਾ ਹੈ ?

— ਜਿਸਨੇ ਕੋਈ ਵੀ ਬੱਜਰ ਕੁਰਹਿਤ ਕੀਤੀ ਹੋਵੇ ।

18. ਸਰਬ ਲੋਹ ਤੋਂ ਇਲਾਵਾ ਕਿਸੇ ਹੋਰ ਸੋਨੇ ਜਾਂ ਚਾਂਦੀ ਦਾ ਕੜਾ ਕਕਾਰ ਹੋ ਸਕਦਾ ਹੈ ?

— ਨਹੀਂ ।

19. ਕੀ ਅਮ੍ਰਿਤਧਾਰੀ ਬੀਬੀਆਂ ਨੱਕ, ਕੰਨ ਵਿੰਨ ਸਕਦੀਆਂ ਹਨ ?

— ਨਹੀਂ ।

20. ਚਾਰ ਬਜੱਰ ਕੁਰਹਿਤਾਂ ਕਿਹੜੀਆਂ ਹਨ ?

— ਕੁੱਠਾ ਖਾਣਾ, ਕੇਸਾਂ ਦੀ ਬੇਅਦਬੀ ਕਰਨੀ, ਤੰਮਾਕੂ ਦਾ ਸੇਵਨ, ਪਰ ਇਸਤਰੀ ਜਾਂ ਪਰ ਮਰਦ ਦਾ - ਭੋਗ ।

21. ਕੀ ਸਿੱਖ ਲਈ ਸ਼ਰਾਬ, ਤੰਬਾਕੂ, ਅਫੀਮ, ਚਰਸ ਆਦਿ ਦਾ ਸੇਵਨ ਜਾਇਜ਼ ਹੈ ?

Sri Satguru Jagjit Singh Ji eLibrary NamdhariElibrary@gmail.com

— ਨਹੀਂ, ਉਪਰੋਕਤ ਨਸ਼ੇ ਵਰਜਿਤ ਹਨ ।

22. ਅੰਮ੍ਰਿਤ ਵੇਲੇ ਨਿਤਨੇਮ ਦੀਆਂ ਕਿਹੜੀਆਂ ਬਾਣੀਆਂ ਹਨ ?

— ਜਪੁਜੀ ਸਾਹਿਬ, ਜਾਪੁ ਸਾਹਿਬ, ਤ੍ਵਪ੍ਰਸਾਦਿ ਸਵਈਏ, ਕਬਯੋਬਾਚ ਬੇਨਤੀ ਚੌਪਈ, ਅਨੰਦ ਸਾਹਿਬ ।

23. ਸ਼ਾਮ ਨੂੰ ਕਿਹੜੀ ਬਾਣੀ ਦਾ ਪਾਠ ਕੀਤਾ ਜਾਂਦਾ ਹੈ ?

— ਰਹਿਰਾਸ ਸਾਹਿਬ ਦਾ ।

24. ਸਿੱਖ ਰਾਤ ਨੂੰ ਸੌਣ ਵੇਲੇ ਕਿਹੜੀ ਬਾਣੀ ਪੜ੍ਹੇ ?

— ਸੋਹਿਲਾ ਸਾਹਿਬ ।

25. ਜਦੋਂ ਕੋਈ ਸਿੱਖ ਵੀਰ ਜਾਂ ਭੈਣ ਮਿਲੇ ਤਾਂ ਕੀ ਬੁਲਾਉਣਾ ਚਾਹੀਦਾ ਹੈ ?

— ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ।

26. ਸਿੱਖ ਨੂੰ ਰੋਜ ਸਿਰ ਤੇ ਕੀ ਸਜਾਉਣਾ ਚਾਹੀਦਾ ਹੈ ?

— ਦਸਤਾਰ ।

27. ਮਨਮਤਿ ਕਿਸ ਨੂੰ ਕਹਿੰਦੇ ਹਨ ?

— ਜੋ ਗੁਰੂ ਦੀ ਦੱਸੀ ਹੋਈ ਗੱਲ ਤੋਂ ਉਲਟ ਹੋ ਕੇ ਆਪਣੀ ਮਨ ਦੀ ਉਪਜ ਹੋਵੇ

28. ਅਨੰਦ ਕਾਰਜ ਤੋਂ ਕੀ ਭਾਵ ਹੈ ?

— ਸਿੱਖ ਰਹੁ ਰੀਤੀ ਅਨੁਸਾਰ ਕੀਤਾ ਵਿਆਹ । ਗੁਰੂ ਗਰੰਥ ਸਾਹਿਬ ਜੀ ਵਿਚੋਂ ਸੂਹੀ ਰਾਗ ਦੀਆਂ ਚਾਰ ਲਾਵਾਂ ਪੜ੍ਹਨੀਆਂ ਤੇ ਪ੍ਰਕਰਮਾ ਕਰਨੀ ।

29. ਦਸਤਾਰ ਦਾ ਕੀ ਅਰਥ ਹੈ ?

— ਪੱਗ, ਪਗੜੀ ਨੂੰ ਸਿੱਖ ਰਹਿਤ ਵਿਚ ਦਸਤਾਰ ਕਹਿੰਦੇ ਹਨ ?

30. ਕੁੱਠਾ ਕਿਸਨੂੰ ਕਹਿੰਦੇ ਹਨ ?

— ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤੇ ਮਾਸ ਨੂੰ ਕੁੱਠਾ ਕਹਿੰਦੇ ਹਨ ।

31. ਕੀ ਅੰਮ੍ਰਿਤਧਾਰੀ ਸਿੰਘ ਜੂਆ ਖੇਡ ਸਕਦਾ ਹੈ ?

— ਨਹੀਂ ?

32. ਖਾਲਸਾ ਪੰਥ ਦੀ ਸੁਪਰੀਮ ਕੋਰਟ ਕਿਹੜੀ ਹੈ ?

— ਸ੍ਰੀ ਅਕਾਲ ਤਖ਼ਤ ਸਾਹਿਬ ।

33. ਪੰਜ ਤਖ਼ਤ ਕਿਹੜੇ ਹਨ ?

— ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਹਜ਼ੂਰ ਸਾਹਿਬ, ਸ੍ਰੀ ਪਟਨਾ ਸਾਹਿਬ, ਸ੍ਰੀ ਕੇਸਗੜ੍ਹ ਸਾਹਿਬ, ਤੇ ਸ੍ਰੀ ਦਮਦਮਾ ਸਾਹਿਬ ।

34. ਸ੍ਰੀ ਦਮਦਮਾ ਸਾਹਿਬ ਕਿਸ ਜਿਲ੍ਹੇ ਵਿਚ ਹੈ ?

— ਬਠਿੰਡਾ ਜਿਲ੍ਹੇ ਵਿਚ ।

35. ਕੀ ਭੰਗ ਪੀਣੀ ਜਾਂ ਭੰਗ ਦੀਆਂ ਟਿੱਕੀਆਂ ਖਾਣੀਆਂ ਸਿੱਖਾਂ ਲਈ ਠੀਕ ਹਨ?

— ਨਹੀਂ, ਇਹ ਵੀ ਨਸ਼ਾ ਹੈ ।

Sri Satguru Jagjit Singh Ji eLibrary NamdhariElibrary@gmail.com

36. ਆਪਣੀ ਆਮਦਨ ਦਾ ਕਿਤਨਾ ਹਿੱਸਾ ਧਰਮ ਕਾਰਜ ਤੇ ਖਰਚਣਾ ਚਾਹੀਦਾ ਹੈ ਤੇ ਇਸਨੂੰ ਕੀ ਕਹਿੰਦੇ ਹਨ ?

— ਦਸਵਾਂ ਹਿੱਸਾ ਜਿਸਨੂੰ ਕਿ ਦਸਵੰਧ ਕਿਹਾ ਜਾਂਦਾ ਹੈ ।

37. 'ਸਿੰਘ ਦਾ ਕੀ ਮਤਲਬ ਹੈ ?

— ਸ਼ੇਰ ।

38. 'ਕੌਰ' ਦਾ ਕੀ ਮਤਲਬ ਹੈ ?

— ਰਾਜਕੁਮਾਰੀ ।

39. ਖਾਲਸੇ ਦੀ ਮਾਤਾ ਦਾ ਕੀ ਨਾਮ ਹੈ ?

— ਮਾਤਾ ਸਾਹਿਬ ਕੌਰ ਜੀ ।

40. ਖਾਲਸੇ ਦੇ ਪਿਤਾ ਕੌਣ ਹਨ ?

— ਗੁਰੂ ਗੋਬਿੰਦ ਸਿੰਘ ਜੀ ।

41. ਖਾਲਸੇ ਦਾ ਜਨਮ ਸਥਾਨ ਕਿਹੜਾ ਹੈ ?

— ਅਨੰਦਪੁਰ ਸਾਹਿਬ ।

42. ਖਾਲਸੇ ਦੇ ਨਾਨਕੇ ਕਿਥੇ ਹਨ ?

— ਗੁਰੂ ਕੇ ਲਾਹੌਰ ।

43. 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ' ਦਾ ਉਤਰ ਕੀ ਹੈ ?

— 'ਹੁਕਮਿ ਰਜਾਈ ਚਲਣਾ' ਇਸਦਾ ਉੱਤਰ ਹੈ ।

44. 'ਜਾਤ-ਪਾਤ ਨੂੰ ਸਿੱਖੀ ਵਿਚ ਕੋਈ ਥਾਂ ਹੈ ਕਿ ਨਹੀਂ ?

— ਨਹੀਂ, ਸਿੱਖ ਦੀ ਜਾਤ ਤਾਂ ਖਾਲਸਾ ਹੈ ।

45. ਕੀ ਸਿੱਖ ਬੀਬੀਆਂ ਨੂੰ ਵਰਤ ਰੱਖਣੇ ਚਾਹੀਦੇ ਹਨ ?

— ਨਹੀਂ ।

46. ਕਈ ਬੀਬੀਆਂ ਪੂਰਨਮਾਸ਼ੀ ਦਾ ਵਰਤ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਕਰਦੀਆਂ ਹਨ ਕੀ ਇਹ ਠੀਕ ਹੈ ?

— ਨਹੀਂ ਜੀ ਸਿੱਖ ਧਰਮ ਵਿਚ ਤਾਂ ਅੰਨ੍ਹ ਛੱਡਣ ਨੂੰ ਪਖੰਡ ਕਿਹਾ ਜਾਂਦਾ ਹੈ ।

47. ਨਿਸ਼ਾਨ ਸਾਹਿਬ ਦਾ ਰੰਗ ਕਿਹੜਾ ਹੋਣਾ ਚਾਹੀਦਾ ਹੈ ?

— ਬਸੰਤੀ ।

48. ਨਿਸ਼ਾਨ ਸਾਹਿਬ ਉੱਤੇ ਭਾਲਾ ਜਾਂ ਖੰਡਾ ਕਿਹੜੀ ਧਾਤ ਦਾ ਹੋਣਾ ਚਾਹੀਦਾ ਹੈ ?

— ਸਰਬ ਲੋਹ ਦਾ ।

49. ਤ੍ਰਿਭਾਵਲੀ ਦੇ ਕੀ ਅਰਥ ਹਨ ?

— ਕੜਾਹ ਪ੍ਰਸ਼ਾਦਿ ਵਿਚ ਪਾਈਆਂ ਜਾਣ ਵਾਲੀਆਂ ਤਿੰਨ ਵਸਤੂਆਂ ਆਟਾ, ਖੰਡ ਤੇ ਘਿਉ ਨੂੰ ਕਿਹਾ ਜਾਂਦਾ ਹੈ ?

Sri Satguru Jagjit Singh Ji eLibrary NamdhariElibrary@gmail.com

50. ਕੜਾਹ ਪ੍ਰਸਾਦਿ ਭਗਤੀ ਤੇ ਸ਼ਕਤੀ ਦਾ ਕਿਵੇਂ ਪ੍ਰਤੀਕ ਹੈ ?

— ਕੜਾਹ ਪ੍ਰਸ਼ਾਦਿ ਦੀ ਪ੍ਰਵਾਨਗੀ ਲਈ ਪਹਿਲਾਂ ਅਨੰਦ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ ਤੇ ਫਿਰ ਅਰਦਾਸ ਉਪਰੰਤ ਸ੍ਰੀ ਸਾਹਿਬ ਭੇਂਟ ਕੀਤੀ ਜਾਂਦੀ ਹੈ ਜਿਸ ਕਰਕੇ ਭਗਤੀ ਤੇ ਸ਼ਕਤੀ ਦਾ ਪ੍ਰਤੀਕ ਹੈ ।

51. ਸ਼ਰਾਬ ਦੇ ਅੱਖਰੀ ਅਰਥ ਕੀ ਹਨ ?

— ਸ਼ਰ+ਆਬ ਅਰਥਾਤ ਸ਼ਰਾਰਤ ਵਾਲਾ ਪਾਣੀ ।

52. ਕੀ ਸਿੱਖ ਨੂੰ ਟਾਈ ਬੰਨਣੀ ਚਾਹੀਦੀ ਹੈ ?

— ਵੈਸੇ ਤਾਂ ਪਹਿਰਾਵੇ ਵਿਚ ਕਛਹਿਰੇ ਅਤੇ ਦਸਤਾਰ ਤੋਂ ਇਲਾਵਾ ਕੋਈ ਬੰਦਸ਼ ਨਹੀਂ ਪਰ ਟਾਈ ਕੇਵਲ ਪਹਿਰਾਵਾ ਹੀ ਨਹੀਂ ਇਹ ਈਸਾ ਮਸੀਹ ਦੇ ਸੂਲੀ ਚੜ੍ਹਨ ਦੀ ਨਿਸ਼ਾਨੀ ਹੈ ਇਸ ਲਈ ਅਣਮਤੀ ਧਾਰਮਿਕ ਚਿੰਨ (ਟਾਈ) ਸਿੱਖਾਂ ਨੂੰ ਨਹੀਂ ਬੰਨਣੀ ਚਾਹੀਦੀ ।

53. ਆਮ ਤੌਰ ਤੇ ਮਾਸ ਨਾ ਖਾਣ ਵਾਲੇ ਨੂੰ ਵੈਸ਼ਨਵ ਕਿਹਾ ਜਾਂਦਾ ਹੈ ਕੀ ਇਹ ਠੀਕ ਹੈ ?

— ਵੈਸ਼ਨਵ ਦਾ ਅਰਥ ਹੁੰਦਾ ਹੈ ਵਿਸ਼ਨੂੰ ਦੀ ਪੂਜਾ ਕਰਨ ਵਾਲਾ ਮੱਤ । ਇਹ ਠੀਕ ਹੈ ਕਿ ਵੈਸ਼ਨਵ ਮਤ ਵਾਲੇ ਮਾਸ ਨਹੀਂ ਖਾਂਦੇ, ਪਰ ਸਿੱਖ ਧਰਮ ਵਿਚ ਮਾਸ ਨਾ ਖਾਣ ਵਾਲਿਆਂ ਨੂੰ ਸ਼ਾਕਾਹਾਰੀ ਕਹਿਣਾ ਚਾਹੀਦਾ ਹੈ ।

54. ਮ੍ਰਿਤਕ ਪ੍ਰਾਣੀ ਦੀਆਂ ਅਸਥੀਆਂ ਹਰਿਦੁਆਰ ਜਾਂ ਕੀਰਤਪੁਰ ਸਾਹਿਬ ਕਿਥੇ ਪ੍ਰਵਾਹ ਕਰਨੀਆਂ ਚਾਹੀਦੀਆਂ ਹਨ ?

— ਕਿਸੇ ਉਚੇਚੀ ਜਗ੍ਹਾ ਜਾ ਕੇ ਅਸਥੀਆਂ ਪ੍ਰਵਾਹ ਕਰਨੀਆਂ ਬ੍ਰਾਹਮਣਾਂ ਦਾ ਕਰਮ ਕਾਂਡ ਹੈ । ਸਿੱਖ ਰਹਿਤ ਮਰਿਆਦਾ ਅਨੁਸਾਰ ਮ੍ਰਿਤਕ ਪ੍ਰਾਣੀ ਦਾ ਅੰਗੀਠਾ ਠੰਡਾ ਹੋਣ ਤੇ ਸਾਰੀ ਦੇਹ ਦੀ ਭਸਮ ਤੇ ਅਸਥੀਆਂ ਨੇੜੇ ਵਗਦੇ ਪਾਣੀ ਵਿਚ ਜਲ ਪ੍ਰਵਾਹ ਕਰ ਦੇਣੀਆਂ ਚਾਹੀਦੀਆਂ ਹਨ ਜਾਂ ਉੱਥੇ ਹੀ ਦੱਬ ਕੇ ਜ਼ਮੀਨ ਬਰਾਬਰ ਕਰ ਦਿੱਤੀ ਜਾਵੇ ।

55. ਕੀ ਸਿੱਖ ਹੋਲੀ ਮਨਾਉਂਦੇ ਹਨ ?

— ਨਹੀਂ । ਸਿੱਖ ਹੋਲਾ ਮਨਾਉਂਦੇ ਹਨ ਤੇ ਸ਼ਸਤਰਾਂ ਦੇ ਜੌਹਰ ਦਿਖਾਉਂਦੇ ਹਨ ।

56. ਦੀਵਾਨ ਦੀ ਸਮਾਪਤੀ ਵੇਲੇ ਕਿਹੜੀ ਬਾਣੀ ਪੜ੍ਹੀ ਜਾਂਦੀ ਹੈ ?

— ਅਨੰਦ ਸਾਹਿਬ ।

57. ਜੇ ਕੜਾਹ ਪ੍ਰਸਾਦਿ ਵਰਤਾਉਣ ਵੇਲੇ ਕੇਵਲ 2 ਹੀ ਅੰਮ੍ਰਿਤਧਾਰੀ ਸਿੰਘ ਸੰਗਤ ਵਿਚ ਹੋਣ ਤਾਂ ਪੰਜਾਂ ਪਿਆਰਿਆਂ ਦੇ ਪ੍ਰਸ਼ਾਦ ਦਾ ਕੀ ਕਰਨਾ ਚਾਹੀਦਾ ਹੈ?

— ਉਹਨਾਂ ਦੋ ਸਿੰਘਾਂ ਨੂੰ ਦੇਣ ਉਪਰੰਤ ਬਾਕੀ ਦੇਗ ਵਿਚ ਹੀ ਮਿਲਾ ਦੇਣਾ ਚਾਹੀਦਾ ਹੈ ।

Sri Satguru Jagjit Singh Ji eLibrary NamdhariElibrary@gmail.com

58. ਕੌਲੀ ਵਿਚ ਪਾ ਕੇ ਪ੍ਰਸ਼ਾਦ ਕਿਸ ਲਈ ਰਖਿਆ ਜਾਂਦਾ ਹੈ ?
— ਗੁਰੂ ਗਰੰਥ ਸਾਹਿਬ ਜੀ ਦੇ ਤਾਬਿਆ ਬੈਠੇ ਸਿੰਘ ਲਈ।

ਖਾਲਸਾਈ ਬੋਲੇ

1. ਸਿੰਘ ਅਰਦਾਸ ਕਰਨ ਤੋਂ ਬਾਅਦ ਕੀ ਗਜਾਉਂਦੇ ਹਨ ?
— ਜੈਕਾਰਾ, ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ
2. ਸਿੰਘਾਂ ਦੀ ਭਾਸ਼ਾ ਵਿਚ 'ਭੁਜੰਗੀ' ਕਿਸ ਨੂੰ ਆਖਦੇ ਹਨ ?
— ਸਿੰਘਾਂ ਦੇ ਛੋਟੇ ਬੱਚੇ ਨੂੰ।
3. ਨਿਹੰਗ ਸਿੰਘਾਂ ਦੀ ਬੋਲੀ ਵਿਚ ਚਾਹਟਾ ਛਕਾਣਾਂ ਕੀ ਹੁੰਦਾ ਹੈ ?
— ਕਿਸੇ ਨੂੰ ਉਸ ਦੀ ਕੀਤੀ ਗਲਤੀ ਦੀ ਸਜ਼ਾ ਦੇਣੀ।
4. 'ਮਿੱਠਾ ਪ੍ਰਸ਼ਾਦਾ' ਕੀ ਹੁੰਦਾ ਹੈ ?
— ਰਾਤ ਦੇ ਲੰਗਰ ਵਿਚੋਂ ਬਚਿਆ ਪ੍ਰਸ਼ਾਦਾ।
5. ਨਿਹੰਗ ਸਿੰਘ 'ਕੜਾਕਾ' ਕਿਸ ਨੂੰ ਕਹਿੰਦੇ ਹਨ ?
— ਭੁੱਖ ਨੂੰ।
6. ਸਿੰਘਾਂ ਦੀ ਭਾਸ਼ਾ ਵਿਚ 'ਸਵਾ ਲੱਖ' ਫੌਜ ਦਾ ਕੀ ਮਤਲਬ ਹੈ ?
— ਇਕੱਲਾ ਸਿੰਘ ਹੋ ਕੇ ਵੀ ਲੱਖਾਂ ਦੀ ਫੌਜ ਸਾਹਮਣੇ ਡੱਟ ਜਾਵੇ।
7. 'ਭਗੌਤੀ' ਕਿਸ ਨੂੰ ਕਹਿੰਦੇ ਹਨ ?
— ਸ੍ਰੀ ਸਾਹਿਬ (ਕਿਰਪਾਨ) ਨੂੰ ਜੋ ਸ਼ਕਤੀ ਦਾ ਪ੍ਰਤੀਕ ਹੈ।
8. 'ਜੋੜਾ ਘਰ' ਵਿਚ ਕੀ ਰਖਿਆ ਜਾਂਦਾ ਹੈ ?
— ਸੰਗਤਾਂ ਦੇ ਜੋੜੇ।
9. 'ਸੁਜਾਖਾ ਸਿੰਘ' ਕਿਸ ਨੂੰ ਕਹਿੰਦੇ ਹਨ ?
— ਜਿਸਦੀ ਇਕ ਅੱਖ ਨਾ ਹੋਵੇ।
10. 'ਸੂਰਮਾ' ਕਿਸ ਨੂੰ ਕਹਿੰਦੇ ਹਨ ?
— ਜਿਸ ਦੀਆਂ ਦੋਵੇਂ ਅੱਖਾਂ ਵਿਚ ਨਜ਼ਰ ਨਾ ਹੋਵੇ।
11. 'ਚੜ੍ਹਾਈ ਕਰ ਜਾਣਾ' ਤੋਂ ਕੀ ਭਾਵ ਹੈ ?
— ਮੌਤ ਹੋਣ ਉਪਰੰਤ ਗੁਰੂ ਚਰਣਾਂ ਵਿਚ ਬਿਰਾਜਮਾਨ ਹੋ ਜਾਣਾ।
12. 'ਪੰਗਤ' ਦਾ ਕੀ ਭਾਵ ਹੈ ?
— ਇਕ ਲਾਈਨ ਵਿਚ ਬਿਨਾ ਜਾਤ-ਪਾਤ ਦੇ ਭੇਦ-ਭਾਵ ਦੇ ਲੰਗਰ ਛੱਕਣ ਨੂੰ ਪੰਗਤ ਵਿਚ ਬੈਠਣਾ ਕਹਿੰਦੇ ਹਨ।
13. 'ਸਮੁੰਦਰ' ਖਾਲਸੇ ਦੀ ਬੋਲੀ ਵਿਚ ਕਿਸ ਨੂੰ ਕਹਿੰਦੇ ਹਨ ?
— ਦੁੱਧ ਨੂੰ।

Sri Satguru Jagjit Singh Ji eLibrary NamdhariElibrary@gmail.com

14. 'ਭੁੱਜੇ ਹੋਏ ਛੋਲਿਆਂ' ਨੂੰ ਖਾਲਸੇ ਦੀ ਬੋਲੀ ਵਿਚ ਕੀ ਕਹਿੰਦੇ ਹਨ ?
— ਬਦਾਮ ।
15. ਨਮਕ ਨੂੰ ਖਾਲਸੇ ਦੀ ਬੋਲੀ ਵਿਚ ਕੀ ਕਹਿੰਦੇ ਹਨ ?
— ਸਰਬ ਰਸ ।
16. ਲੰਗਰ ਮਸਤਾਨਾ ਹੋਣ ਦਾ ਕੀ ਅਰਥ ਹੈ ?
— ਲੰਗਰ ਦੀ ਸਮਾਪਤੀ ।
17. ਰਬਾਬੀ ਕੌਣ ਹੁੰਦਾ ਹੈ ?
— ਰਬਾਬ (ਸਾਜ) ਵਜਾਉਣ ਵਾਲਾ ।
18. 'ਸੰਗੀ' ਦਾ ਕੀ ਅਰਥ ਹੈ ?
— ਸਾਥ ਦੇਣ ਵਾਲੇ ਨੂੰ ਸੰਗੀ ਕਹਿੰਦੇ ਹਨ ।
19. ਢਿੱਡ ਫੂਕਣੀ ਕੀ ਹੁੰਦੀ ਹੈ ?
— ਨਿਹੰਗ ਸਿੰਘ ਚਾਹ ਨੂੰ ਢਿੱਡ ਫੂਕਣੀ ਕਹਿੰਦੇ ਹਨ ।
20. ਉਗਰਾਹੀ ਕਰਨ ਦਾ ਕੀ ਮਤਲਬ ਹੈ ?
— ਕਿਸੇ ਧਰਮ ਕਾਰਜ ਲਈ ਮਾਇਆ ਇਕੱਠੀ ਕਰਨ ਨੂੰ ਉਗਰਾਹੀ ਕਰਨ ਕਹਿੰਦੇ ਹਨ ।
21. ਨਿਹੰਗ ਸਿੰਘਾਂ ਦੀ ਬੋਲੀ ਵਿਚ ਜਹਾਜ਼ ਕਿਸ ਨੂੰ ਕਹਿੰਦੇ ਹਨ ?
— ਗੱਡੇ ਨੂੰ ।
22. 'ਗਧੀ ਚੁੰਘਣੀ' ਤੋਂ ਕੀ ਭਾਵ ਹੈ ?
— ਸਿਗਰਟ ਬੀੜੀ ਆਦਿ ਨੂੰ ਨਿਹੰਗ ਸਿੰਘ ਗਧੀ ਚੁੰਘਣਾ ਆਖਦੇ ਹਨ ।
23. 'ਚੜ੍ਹਦੀ ਕਲਾ' ਦਾ ਕੀ ਮਤਲਬ ਹੈ ?
— ਗੁਰੂ ਦੇ ਭਾਣੇ ਅਨੁਸਾਰ ਵਿਚਰਨ ਨੂੰ ਚੜ੍ਹਦੀ ਕਲਾ ਆਖਦੇ ਹਨ ।
24. 'ਰਣਜੀਤ ਨਗਾਰਾ' ਕਿਸ ਨੂੰ ਆਖਦੇ ਹਨ ?
— ਉਹ ਨਗਾਰਾ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਉਤਸ਼ਾਹ ਪੈਦਾ ਕਰਨ ਲਈ ਬਣਵਾਇਆ ਸੀ ।
25. 'ਸਿੱਖ ਅਜਾਇਬ ਘਰ' ਦਾ ਕੀ ਫਾਇਦਾ ਹੈ ?
— ਇਥੋਂ ਸਿੱਖ ਇਤਿਹਾਸ ਦੀਆਂ ਤਸਵੀਰਾਂ ਵੇਖ ਕੇ ਆਪਣੇ ਵਿਰਸੇ ਦ ਜਾਣਕਾਰੀ ਪ੍ਰਾਪਤ ਹੁੰਦੀ ਹੈ ।

ਸਿੱਖ ਸਭਿਆਚਾਰ ਦੇ ਸੰਕਲਪ

ਅਜਾਇਬ ਘਰ—ਉਹ ਥਾਂ ਜੋ ਅਜੀਬ ਹੋਵੇ । ਹਰਿਮੰਦਰ ਸਾਹਿਬ ਜਾ ਤੇ ਘੰਟਾ ਘਰ ਵਾਲੇ ਪਾਸੇ ਸਿੱਖ ਅਜਾਇਬ ਘਰ ਹੈ ਜਿੱਥੇ ਸਿੱਖ ਇਤਿਹਾ

Sri Satguru Jagjit Singh Ji eLibrary NamdhariElibrary@gmail.com

ਦੇ ਕਾਰਨਾਮਿਆਂ ਨੂੰ ਤਸਵੀਰਾਂ ਦੇ ਰੂਪ ਵਿਚ ਦਿਖਾਇਆ ਗਿਆ ਹੈ ਜਿਸ ਨੂੰ ਦੇਖ ਕੇ ਆਪਣੇ ਇਤਿਹਾਸ ਬਾਰੇ ਜਾਣਕਾਰੀ ਹਾਸਲ ਕਰਨ ਦਾ ਵਾਕਿਆ ਹੀ ਅਜਬ ਨਜ਼ਾਰਾ ਹੈ ।

ਅੰਮ੍ਰਿਤ ਵੇਲਾ—ਰਾਤ ਦੇ ਪਿਛਲੇ ਹਿੱਸੇ ਦੇ ਪਹੁ ਫੁਟਣ ਤੋਂ ਪਹਿਲਾਂ ਰਹਿੰਦੇ ਇਕ ਪਹਿਰ ਨੂੰ ਅੰਮ੍ਰਿਤ ਵੇਲਾ ਕਹਿੰਦੇ ਹਨ । ਹਰ ਗੁਰਸਿੱਖ ਨੂੰ ਅੰਮ੍ਰਿਤ ਵੇਲੇ ਉਠਣ ਦਾਂ ਹੁਕਮ ਹੈ । ਗੁਰੂ ਸਾਹਿਬ ਦਾ ਫੁਰਮਾਨ ਹੈ 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ।'

ਅੰਮ੍ਰਿਤ—ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਹੋਈ ਦਾਤ ਜੋ ਪੰਜਾਂ ਪਿਆਰਿਆਂ ਪਾਸੋਂ ਸਿੰਘ ਸਜਣ ਵੇਲੇ ਪ੍ਰਾਪਤ ਹੁੰਦੀ ਹੈ ।

ਅਰਦਾਸ—ਸਿੱਖ ਧਰਮ ਵਿਚ ਨਿਤਨੇਮ ਦੀ ਬਾਣੀ ਦਾ ਪਾਠ ਕਰਕੇ ਅਤੇ ਹੋਰ ਅਨੇਕ ਕਾਰਜਾਂ ਦੀ ਨਿਰਵਿਘਨ ਪੂਰਤੀ ਲਈ ਕੇਵਲ ਅਕਾਲ ਪੁਰਖ ਅੱਗੇ ਅਰਦਾਸ ਕਰਨੀ ਹੀ ਵਿਧਾਨ ਹੈ । ਅਰਦਾਸ ਕਰਨ ਵੇਲੇ ਦੋਵੇਂ ਹੱਥ ਜੋੜ ਕੇ ਖੜੇ ਹੋਣ ਦਾ ਹੁਕਮ ਹੈ ।

"ਸੁਖ ਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ" ।।

ਸਰੋਵਰ—ਤਾਲ ਨੂੰ ਸਿੱਖ ਧਰਮ ਵਿਚ ਸਰੋਵਰ ਕਹਿੰਦੇ ਹਨ । ਗੁਰੂ ਰਾਮਦਾਸ ਨੇ ਅੰਮ੍ਰਿਤਸਰ ਸਰੋਵਰ ਤਿਆਰ ਕਰਵਾਇਆ ਤੇ ਗੁਰੂ ਅਰਜਨ ਦੇਵ ਜੀ ਨੇ ਤਰਨਤਾਰਨ ਵਿਖੇ ਉਸ ਸਮੇਂ ਦਾ ਸਭ ਤੋਂ ਵੱਡਾ ਸਰੋਵਰ ਬਣਵਾਇਆ। ਸਿੱਖ ਬਿਨਾਂ ਕਿਸੇ ਜਾਤ ਧਰਮ ਦੇ ਵਿਤਕਰੇ ਦੇ ਸਰੋਵਰ ਵਿਚ ਇਸ਼ਨਾਨ ਕਰਦੇ ਹਨ ਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ । ਪੁਰਾਤਨ ਸਮੇਂ ਇਹ ਸਰੋਵਰ ਪਾਣੀ ਦੀ ਥੁੜ੍ਹ ਨੂੰ ਪੂਰਾ ਕਰਦੇ ਸਨ । ਇਤਿਹਾਸ ਵਿਚ ਆਉਂਦਾ ਹੈ ਕਿ ਮੁਗਲ ਰਾਜ ਦੇ ਸਮੇਂ ਲੱਗੀਆਂ ਪਾਬੰਦੀਆਂ ਦੇ ਬਾਵਜੂਦ ਸਿੱਖ ਅੰਮ੍ਰਿਤਸਰ ਦੇ ਸਰੋਵਰ ਵਿਚ ਇਸ਼ਨਾਨ ਕਰਨ ਜਾਇਆ ਕਰਦੇ ਸਨ ।

ਸਰਾਂ—ਉਹ ਥਾਂ ਜਿੱਥੇ ਯਾਤਰੂਆਂ ਦੇ ਠਹਿਰਨ ਦਾ ਇੰਤਜ਼ਾਮ ਹੋਵੇ । ਜਿਵੇਂ ਅੰਮ੍ਰਿਤਸਰ ਗੁਰੂ ਰਾਮਦਾਸ ਜੀ ਦੇ ਨਾਮ ਤੇ ਗੁਰੂ ਰਾਮਦਾਸ ਸਰਾਂ ਬਣੀ ਹੋਈ ਹੈ ।

ਸਿਰਪਾਉ—ਪਹਿਲਾਂ ਸਿਰ ਤੋਂ ਪੈਰ ਤੀਕ ਪਹਿਨਣ ਦੀ ਪੋਸ਼ਾਕ ਨੂੰ ਸਿਰਪਾਉ ਕਹਿੰਦੇ ਸਨ । ਹੁਣ ਜਿਸ ਵਿਅਕਤੀ ਨੂੰ ਗੁਰੂ ਘਰ ਵਿਖੇ ਸਨਮਾਨ ਦਿੱਤਾ ਜਾਂਦਾ ਹੈ ਉਸਨੂੰ ਸਿਰਪਾਉ ਕਹਿੰਦੇ ਹਨ ।

ਕਥਾ—ਗੁਰਬਾਣੀ ਦੇ ਅਰਥਾਂ ਦਾ ਵਰਨਣ ਕਰਨਾ ਅਤੇ ਗੁਰੂ ਇਤਿਹਾਸ ਸੁਨਾਉਣ ਨੂੰ ਕਥਾ ਕਹਿੰਦੇ ਹਨ । "ਕਥਾ ਸੁਣਤ ਮਲੁ ਸਗਲੀ ਖੋਵੈ ।"

ਕੜਾਹ ਪ੍ਰਸਾਦਿ—ਸਿੱਖ ਮੱਤ ਦਾ ਪ੍ਰਸ਼ਾਦ ਹੈ ਅਕਾਲ ਪੁਰਖ ਨੂੰ ਅਰਪਨ ਕਰਕੇ ਸੰਗਤ ਵਿਚ ਵਰਤਾਈਦਾ ਹੈ । ਹਰ ਸਮਾਗਮ ਚਾਹੇ ਖੁਸ਼ੀ ਦਾ ਹੋਵੇ ਜਾਂ ਗਮੀ

Sri Satguru Jagjit Singh Ji eLibrary NamdhariElibrary@gmail.com

ਦਾ ਕੜਾਹ ਪ੍ਰਸ਼ਾਦ ਬਨਾਉਣਾ ਜ਼ਰੂਰੀ ਹੈ ।

ਕੀਰਤਨ—ਗੁਰਮਤਿ ਵਿਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਮ 'ਕੀਰਤਨ' ਹੈ । "ਕੀਰਤਨ ਨਾਮੁ ਸਿਮਰਤ ਰਹਉ"

ਕਮਰ ਕੱਸਾ—ਕਮਰ ਦੇ ਦੁਆਲੇ ਜੋ ਕੱਪੜਾ ਕਸਿਆ ਜਾਂਦਾ ਹੈ । ਜੋ ਆਮ ਤੌਰ ਤੇ ਨਿਹੰਗ ਸਿੰਘ ਜਾਂ ਕਾਰ ਸੇਵਾ ਕਰ ਰਹੇ ਸਿੰਘ ਸਜਾਉਂਦੇ ਹਨ ।

ਕੇਸਕੀ—ਛੋਟੀ ਪੱਗ ਜੋ ਕੇਸਾਂ ਦੀ ਰਖਿਆ ਲਈ ਪਹਿਨੀ ਜਾਂਦੀ ਹੈ । ਦੋਹਰੀ ਦਸਤਾਰ ਸਜਾਉਣ ਦਾ ਭਾਵ ਇਹ ਹੀ ਹੈ ਕਿ ਜਿਸ ਵਕਤ ਵੱਡੀ ਦਸਤਾਰ ਉਤਾਰ ਦਿੱਤੀ ਜਾਂਦੀ ਹੈ ਤਾਂ ਕੇਸ ਨੰਗੇ ਨਾ ਹੋਣ ਤੇ ਛੋਟੀ ਦਸਤਾਰ ਨਾਲ ਢੱਕੇ ਰਹਿਣ ।

ਕੇਸ—ਅੰਮ੍ਰਿਤਧਾਰੀ ਸਿੰਘਾਂ ਦਾ ਪਹਿਲਾ ਕਕਾਰ ਕੇਸ ਹਨ । ਸਾਬਤ ਸੂਰਤ ਭੰਨਣ ਵਾਲੇ ਨੂੰ ਬੇਈਮਾਨ ਕਿਹਾ ਜਾਂਦਾ ਹੈ । ਕੇਸਾਂ ਨੂੰ ਰੋਮ ਵੀ ਕਿਹਾ ਜਾਂਦਾ ਹੈ ।

ਕੰਘਾ—ਕੇਸਾਂ ਦੀ ਸੰਭਾਲ ਲਈ ਭਾਵ ਕੇਸਾਂ ਨੂੰ ਹਰੇ (ਵਾਹੁਣ) ਕਰਨ ਲਈ ਕੰਘਾ ਦੂਸਰਾ ਕਕਾਰ ਹੈ । ਇਹ ਮਰੇ ਹੋਏ ਕੇਸਾਂ ਨੂੰ ਕੱਢ ਕੇ ਕੇਸਾਂ ਦੀ ਸਫਾਈ ਕਰਦਾ ਹੈ । ਕੰਘਾ ਲੱਕੜ ਦਾ ਹੋਣਾ ਜ਼ਰੂਰੀ ਹੈ ।

ਕੜਾ—ਤੀਸਰਾ ਕਕਾਰ ਕੜਾ ਹੈ ਇਹ ਸੱਜੇ ਹੱਥ ਵਿਚ ਪਾਉਣ ਦਾ ਹੁਕਮ ਹੈ ਤਾਂ ਜੋ ਕਿਸੇ ਮਜ਼ਲੂਮ ਤੇ ਸਿੱਖ ਦਾ ਹੱਥ ਉਠੇ ਤਾਂ ਉਸ ਨੂੰ ਗੁਰੂ ਦੀ ਨਿਸ਼ਾਨੀ ਕੜਾ ਹੱਥ ਵਿਚ ਯਾਦ ਆ ਜਾਵੇ । ਸਰਬ ਲੋਹ ਦਾ ਕੜਾ ਪਹਿਨਣ ਨਾਲ ਸਰੀਰ ਅੰਦਰ ਆਇਰਨ ਦੀ ਕਮੀ ਨਹੀਂ ਹੁੰਦੀ ।

ਕਛਿਹਰਾ—ਚੌਥਾ ਕਕਾਰ, ਕਛਹਿਰਾ ਹੈ । ਅੰਮ੍ਰਿਤਧਾਰੀ ਸਿੰਘ ਮਹੁਰੀਦਾਰ ਕੱਛੇ ਨੂੰ ਕਛਿਹਰਾ ਕਹਿੰਦੇ ਹਨ, ਜੋ ਜਤ ਸਤ ਦੀ ਨਿਸ਼ਾਨੀ ਹੈ।

ਕ੍ਰਿਪਾਨ—ਗਰੀਬ ਮਜ਼ਲੂਮ ਦੀ ਰੱਖਿਆ ਲਈ ਪੰਜਵਾਂ ਕਕਾਰ ਕ੍ਰਿਪਾਨ ਹੈ। ਸਿੱਖ ਨੇ ਨਾ ਜ਼ੁਲਮ ਕਰਨਾ ਹੈ ਤੇ ਨਾ ਹੀ ਜ਼ੁਲਮ ਸਹਿਣਾ ਹੈ । ਇਸੇ ਲਈ ਸ਼ਸਤਰਧਾਰੀ ਹੋਣ ਦਾ ਹੁਕਮ ਹੈ ।

ਖੰਡਾ—ਦੋ ਧਾਰਾ ਖੜਗ ਭਾਵ ਦੋਹਾਂ ਪਾਸਿਆਂ ਤੋਂ ਖੰਡਨ ਕਰਨ ਵਾਲਾ ਸ਼ਸਤਰ । "ਖੰਡਾ ਪ੍ਰਿਥਮੈ ਸਾਜਕੈ ਜਿਨਿ ਸਭ ਸੰਸਾਰ ਉਪਾਇਆ" । ਦਸ਼ਮੇਸ਼ ਪਿਤਾ ਨੇ ਅੰਮ੍ਰਿਤ ਤਿਆਰ ਕਰਨ ਵੇਲੇ ਖੰਡੇ ਨੂੰ ਹੀ ਪਾਣੀ ਵਿਚ ਫੇਰ ਕੇ ਅੰਮ੍ਰਿਤ ਤਿਆਰ ਕੀਤਾ ਸੀ ।

ਗੁਰਦੁਆਰਾ—ਸਿੱਖਾਂ ਦੇ ਧਰਮ ਅਸਥਾਨ ਨੂੰ ਗੁਰਦੁਆਰਾ ਕਹਿੰਦੇ ਹਨ । ਜਿਸ ਅਸਥਾਨ ਨੂੰ ਦਸ ਸਤਿਗੁਰਾਂ ਵਿਚੋਂ ਕਿਸੇ ਨੇ ਧਰਮ ਪ੍ਰਚਾਰ ਲਈ ਬਣਾਇਆ ਅਥਵਾ ਜਿੱਥੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਸਿੱਖਾਂ

Sri Satguru Jagjit Singh Ji eLibrary NamdhariElibrary@gmail.com

ਦੇ ਧਰਮ ਮੰਦਿਰ ਦਾ ਨਾਂ 'ਧਰਮਸ਼ਾਲਾ' ਰਿਹਾ ਹੈ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਅੰਮ੍ਰਿਤ ਸਰੋਵਰ ਦੇ ਵਿਚ 'ਹਰਿਮੰਦਰ' ਦੀ ਸਥਾਪਨਾ ਕੀਤੀ ਤੇ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਧਰਮਸ਼ਾਲਾ ਗੁਰਦੁਆਰਾ ਹੋਇਆ। ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ ਜਗਿਆਸੂਆਂ ਲਈ ਗਿਆਨ ਉਪਦੇਸ਼ਕ, ਰੋਗੀਆਂ ਲਈ ਦਵਾਖਾਨਾ, ਭੁਖਿਆਂ ਲਈ ਅੰਨਪੂਰਣਾ, ਇਸਤਰੀ ਜਾਤੀ ਦੀ ਪਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ ।

ਗੋਲਕ—ਅਜੋਕੇ ਸਮੇਂ ਅੰਦਰ ਗੁਰਦੁਆਰਾ ਸਾਹਿਬ ਜਾਣ ਤੇ ਜਦੋਂ ਗੁਰੂ ਸਾਹਿਬ ਅੱਗੇ ਮਾਇਆ ਅਰਪਣ ਕਰੀਏ ਤਾਂ ਉਸ ਦੀ ਸੰਭਾਲ ਲਈ ਰਖੀ ਗਈ ਪੇਟੀ ਨੂੰ ਗੋਲਕ ਆਖਦੇ ਹਨ ਲੇਕਿਨ ਪੁਰਾਤਨ ਸਮੇਂ ਦਸਵੰਧ ਦੀ ਮਾਇਆ ਨੂੰ ਹੀ ਗੋਲਕ ਆਖਿਆ ਜਾਂਦਾ ਸੀ । ਗੁਰੂ ਸਾਹਿਬ ਦਾ ਫੁਰਮਾਨ ਸੀ "ਗੁਰੂ ਕਾ ਸਿੱਖ ਗਰੀਬ ਕੀ ਰਸਨਾ ਕੋ ਗੁਰੂ ਕੀ ਗੋਲਕ ਜਾਨੈ'

ਗੁਰਪੁਰਬ—ਉਹ ਤਿਉਹਾਰ ਜਿਸ ਦਾ ਗੁਰੂ ਨਾਲ ਸੰਬੰਧ ਹੈ । ਭਾਈ ਗੁਰਦਾਸ ਜੀ ਦਾ ਕਥਨ ਹੈ "ਭਾਇ ਭਗਤਿ ਗੁਰਪੁਰਬ ਕਰੰਦੇ"

ਗਰੰਥੀ ਸਿੰਘ—ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੇਵਾ ਕਰਨ ਵਾਲਾ ਸਿੰਘ, ਇਸ ਨੂੰ ਗੁਰੂ ਸਾਹਿਬ ਜੀ ਦਾ ਵਜ਼ੀਰ ਵੀ ਆਖਿਆ ਜਾਂਦਾ ਹੈ । ਗੁਰੂ ਅਰਜਨ ਦੇਵ ਜੀ ਨੇ ਜਦੋਂ ਹਰਿਮੰਦਰ ਸਾਹਿਬ ਵਿਖੇ ਆਦਿ (ਗੁਰੂ) ਗਰੰਥ ਸਾਹਿਬ ਜੀ ਦਾ ਪਹਿਲਾਂ ਪ੍ਰਕਾਸ਼ ਕੀਤਾ ਤਾਂ ਬਾਬਾ ਬੁੱਢਾ ਜੀ ਨੂੰ ਪਹਿਲਾ ਗਰੰਥੀ ਨਿਯੁਕਤ ਕੀਤਾ ਗਿਆ ।

ਗਾਤਰਾ—ਉਹ ਪੇਟੀ ਜਿਸ ਰਾਹੀਂ ਕਿਰਪਾਨ ਧਾਰਨ ਕਰੀਦੀ ਹੈ । ਇਸ ਨੂੰ ਮੋਢੇ ਉੱਪਰ ਪਹਿਰੀਦਾ ਹੈ ।

ਚੰਦੋਆ—ਚਾਨਣੀ ਦੀ ਤਰ੍ਹਾਂ ਤਿਆਰ ਕੀਤਾ ਹੋਇਆ ਹੁੰਦਾ ਹੈ । ਇਸ ਨੂੰ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਤੋਂ ਪਹਿਲਾਂ ਉੱਪਰ ਲਗਾਇਆ ਜਾਂਦਾ ਹੈ । ਇਤਿਹਾਸ ਵਿਚ ਆਉਂਦਾ ਹੈ ਕਿ ਪੁਰਾਤਨ ਸਿੱਖਾਂ ਨੇ ਇਕ ਵਾਰ ਬਾਦਸ਼ਾਹ ਦੇ ਚੰਦੋਏ ਨਾਲੋਂ ਵੀ ਮਹਿੰਗਾ ਚੰਦੋਆ ਗੁਰੂ ਘਰ ਲਈ ਤਿਆਰ ਕਰਵਾਇਆ ਸੀ ।

ਚੌਰ ਸਾਹਿਬ—ਗੁਰੂ ਗਰੰਥ ਸਾਹਿਬ ਜੀ ਦੇ ਸਤਿਕਾਰ ਲਈ ਤਾਬਿਆ ਬੈਠਾ ਸਿੰਘ ਚੌਰ ਸਾਹਿਬ ਝੁਲਾਉਣ ਦੀ ਸੇਵਾ ਕਰਦਾ ਹੈ ।

ਜਲੌ—ਗੁਰਪੁਰਬ ਵਾਲੇ ਦਿਨ ਹਰਿਮੰਦਰ ਸਾਹਿਬ, ਅਕਾਲ ਤਖ਼ਤ ਸਾਹਿਬ ਤੇ ਗੁਰਦੁਆਰਾ ਬਾਬਾ ਅਟੱਲ ਵਿਖੇ, ਜਿਹਨਾਂ ਇਤਿਹਾਸਕ ਵਸਤੂਆਂ ਦੇ ਦਰਸ਼ਨ ਕਰਵਾਏ ਜਾਂਦੇ ਹਨ, ਉਨਾਂ ਨੂੰ ਜਲੌ ਆਖਦੇ ਹਨ ।ਇਹਨਾਂ ਵਿਚ ਚੰਦਨ ਦੀ ਲੱਕੜੀ ਦੀਆਂ ਤਾਰਾਂ ਦਾ ਚੌਰ ਸਾਹਿਬ, ਸੋਨੇ ਦੇ ਦਰਵਾਜ਼ੇ,

Sri Satguru Jagjit Singh Ji eLibrary NamdhariElibrary@gmail.com

ਕੜੀਆਂ, ਚਾਂਦੀ ਦੇ ਤਸਲੇ ਆਦਿ ਹਨ। ਜਿਸ ਦਿਨ ਜਲੌ ਸਾਹਿਬ ਸਜਿਆ ਹੋਵੇ ਉਹ ਨਜ਼ਾਰਾ ਦੇਖਣ ਯੋਗ ਹੁੰਦਾ ਹੈ।

ਜਲ—ਸਿੰਘਾਂ ਦੀ ਭਾਸ਼ਾ ਵਿਚ ਪਾਣੀ ਨੂੰ ਜਲ ਕਿਹਾ ਜਾਂਦਾ ਹੈ। "ਜਲ ਬਿਹੂਨ ਮੀਨ ਕਤ ਜੀਵਨ"

ਜੋੜਾ ਘਰ—ਉਹ ਥਾਂ ਜਿਥੇ ਸੰਗਤ ਦੇ ਜੋੜਿਆਂ (ਜੁਤਿਆਂ) ਦੀ ਸੰਭਾਲ ਕੀਤੀ ਜਾਂਦੀ ਹੈ ਤੇ ਤਰਤੀਬ ਨਾਲ ਜੋੜੇ ਟਿਕਾਏ ਹੋਣ।

ਜੱਥੇਦਾਰ—ਜੱਥੇ ਦੀ ਅਗਵਾਈ ਕਰਨ ਵਾਲੇ ਨੂੰ ਖਾਲਸੇ ਜੱਥੇਦਾਰ ਕਹਿੰਦੇ ਹਨ। ਸਿੱਖ ਧਰਮ ਵਿਚ ਪੁਰਾਤਨ ਸਮੇਂ ਜੱਥੇਦਾਰ ਦੀ ਬਹੁਤ ਇੱਜ਼ਤ ਕੀਤੀ ਜਾਂਦੀ ਸੀ ਤੇ ਉਸ ਦੀ ਹਰ ਗੱਲ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਜਾਂਦਾ ਸੀ। "ਜੱਥੇਦਾਰ ਜੋ ਕੁਛ ਕਹਿ ਦੇੜਾ, ਸੋਈ ਪੰਥ ਮਾਨ ਸਭ ਲੇੜਾ।"

ਤੇਗ—ਤਲਵਾਰ ਨੂੰ ਤੇਗ ਜਾਂ ਤੇਗਾ ਵੀ ਕਿਹਾ ਜਾਂਦਾ ਹੈ। ਇਸੇ ਤੇਗ ਨੂੰ ਹੀ ਖੜਗ ਵੀ ਕਹਿੰਦੇ ਹਨ।

ਤਾਬਿਆਂ ਬੈਠਣਾ—ਗੁਰੂ ਗਰੰਥ ਸਾਹਿਬ ਜੀ ਦੀ ਹਜੂਰੀ ਵਿਚ ਚੌਰ ਲੈ ਕੇ ਬੈਠਣ ਨੂੰ ਤਾਬਿਆ ਬੈਠਣਾ ਕਹਿੰਦੇ ਹਨ।

ਟਕਸਾਲ—ਉਤਮ ਸਿਖਿਆ ਦੇਣ ਵਾਲੀ ਪਾਠਸ਼ਾਲਾ.

ਡਿਉਢੀ ਸਾਹਿਬ—ਦਰਸ਼ਨੀ ਦਰਵਾਜੇ ਨੂੰ ਡਿਉਢੀ ਸਾਹਿਬ ਆਖਦੇ ਹਨ।

ਢਾਲ—ਜੰਗਾਂ ਯੁੱਧਾਂ ਸਮੇਂ ਤਲਵਾਰ ਦਾ ਵਾਰ ਰੋਕਣ ਲਈ ਵਰਤਿਆ ਜਾਣ ਵਾਲਾ ਬਚਾਉ ਸ਼ਸਤਰ।

ਢਾਡੀ—ਢੱਡ ਵਜਾ ਕੇ ਯੋਧਿਆਂ ਦੀਆਂ ਵਾਰਾਂ ਗਾਉਣ ਵਾਲਿਆਂ ਨੂੰ ਢਾਡੀ ਕਹਿੰਦੇ ਹਨ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਿੱਖ ਸੰਗਤਾਂ ਵਿਚ ਜੋਸ਼ ਪੈਦਾ ਕਰਨ ਲਈ ਸਭ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਢਾਡੀ ਵਾਰਾਂ ਦੀ ਅਰੰਭਤਾ ਕੀਤੀ ਸੀ।

ਦਸਤਾਰ—ਗੁਰੂ ਗੋਬਿੰਦ ਸਿੰਘ ਜੀ ਨੇ ਹਰ ਸਿੱਖ ਨੂੰ ਸਾਬਤ ਸੂਰਤ ਹੋਣ ਦਾ ਹੁਕਮ ਕੀਤਾ। ਕੇਸਾਂ ਦੀ ਬੇਅਦਬੀ ਨਾ ਕਰਨ ਦੀ ਤਾਕੀਦ ਕੀਤੀ ਗਈ ਤੇ ਕੇਸਾਂ ਦੀ ਸੰਭਾਲ ਲਈ ਦਸਤਾਰ ਸਜਾਉਣ ਦਾ ਹੁਕਮ ਕੀਤਾ ਗਿਆ। ਗੁਰੂ ਗੋਬਿੰਦ ਸਿੰਘ ਜੀ ਆਪਣੇ ਸਮੇਂ ਦਸਤਾਰ ਬੰਦੀ ਦੇ ਮੁਕਾਬਲੇ ਕਰਾਉਂਦੇ ਹੁੰਦੇ ਸਨ ਤੇ ਸੋਹਣੀ ਦਸਤਾਰ ਸਜਾਉਣ ਵਾਲਿਆਂ ਨੂੰ ਇਨਾਮ ਦੇ ਕੇ ਉਤਸ਼ਾਹਿਤ ਕਰਦੇ ਸਨ। ਗੁਰ ਫੁਰਮਾਨ ਹੈ "ਸਾਬਤ ਸੂਰਤਿ ਦਸਤਾਰ ਸਿਰਾ"

ਦੇਗ—ਚੌੜੇ ਮੂੰਹ ਦਾ ਵੱਡਾ ਬਰਤਨ ਜਿਸ ਵਿਚ ਭੋਜਨ ਪਕਾਈਦਾ ਹੈ ਉਸ ਨੂੰ ਵੀ ਦੇਗ ਕਹਿੰਦੇ ਹਨ ਲੇਕਿਨ ਸਿੱਖ ਧਰਮ ਵਿਚ ਦੇਗ ਕੜਾਹ ਪ੍ਰਸ਼ਾਦ ਨੂੰ ਵੀ ਕਹਿੰਦੇ ਹਨ ਤੇ ਲੰਗਰ ਨੂੰ ਵੀ। "ਦੇਗ ਤੇਗ ਜਗ ਮੇਂ ਦੋਉ ਚਲੇ"।

ਦੇਗ ਤੇਗ ਫਤਹਿ—ਇਹ ਖਾਲਸੇ ਦਾ ਅਸ਼ੀਰਵਾਦ ਹੈ ਭਾਵ ਲੰਗਰ ਚਲਦਾ

ਰਹੇ ਅਤੇ ਤਲਵਾਰ ਦੁਆਰਾ ਫਤਹਿ ਪ੍ਰਾਪਤ ਹੋਵੇ । ਅਨਾਥਾਂ ਦੀ ਪਾਲਣਾ ਹੋਵੇ ਤੇ ਦੁਸ਼ਟਾਂ ਦਾ ਨਾਸ਼ ਹੋਵੇ । "ਦੇਗੋ ਤੇਗੋ ਫਤਹਿ ਨੁਸਰਤਿ ਬੇਦਿਰੰਗ"। ਯਾਫਤ ਅਜ ਨਾਨਕ ਗੁਰੂ ਗੋਬਿੰਦ ਸਿੰਘ" ।

ਦਸਵੰਧ—ਕਮਾਈ ਵਿਚੋਂ ਦਸਵਾਂ ਹਿੱਸਾ ਕਰਤਾਰ ਅਰਥ ਦੇਣਾ ਸਿੱਖ ਧਰਮ ਵਿਚ ਵਿਧਾਨ ਹੈ । "ਦਸ ਨਖੋਂ ਕਰ ਜੋ ਕਾਰ ਕਮਾਵੇ ਤਾ ਕਰ ਜੋ ਧਨ ਘਰ ਮਹਿ ਆਵੇ । ਤਿਸ ਤੇ ਗੁਰੂ ਦਸੌਂਧ ਜੋ ਦੇਈ । ਸਿੰਘ ਸੁਯਸ ਬਹੁ ਜਗ ਮੋਂ ਲੇਈ" ਦਸ਼ਮੇਸ਼ ਪਿਤਾ ਨੇ ਸਿੱਖ ਲਈ ਮਾਇਆ ਦਾ ਤੇ ਸਮੇਂ ਦਾ ਦਸਵੰਧ ਭਾਵ ਦਸਵਾਂ ਹਿੱਸਾ ਗੁਰੂ ਹਿਤ ਕੱਢਣ ਲਈ ਤਾਕੀਦ ਕੀਤੀ ਹੋਈ ਹੈ ।

"ਜੋ ਆਪਣੀ ਕਛੁ ਕਰਹੁ ਕਮਾਈ । ਗੁਰੂ ਹਿਤ ਦਿਹੁ ਦਸਵੰਧ ਬਨਾਈ ।"

ਨਿਸ਼ਾਨ ਸਾਹਿਬ—ਗੁਰਦੁਆਰਾ ਸਾਹਿਬ ਦਾ ਨਿਸ਼ਾਨ । ਨਿਸ਼ਾਨ ਸਾਹਿਬ ਦਾ ਰਿਵਾਜ਼ ਛੇਵੇਂ ਸਤਿਗੁਰੂ ਹਰਿਗੋਬਿੰਦ ਸਾਹਿਬ ਦੇ ਵਕਤ ਹੋਇਆ । ਨਿਸ਼ਾਨ ਸਾਹਿਬ ਦੇਖ ਕੇ ਰਾਹੀ ਨੂੰ ਪਤਾ ਲੱਗ ਜਾਂਦਾ ਹੈ ਕਿ ਇਸ ਅਸਥਾਨ ਤੇ ਭੁੱਖੇ ਨੂੰ ਰੋਟੀ, ਬੇ ਆਸਰੇ ਨੂੰ ਆਸਰਾ ਤੇ ਨਿਥਾਵੇਂ ਨੂੰ ਰਹਿਣ ਲਈ ਥਾਂ ਮਿਲ ਜਾਵੇਗੀ। ਨਿਸ਼ਾਨ ਸਾਹਿਬ ਇਕ ਪਾਇਪ ਦਾ ਬਣਿਆ ਹੁੰਦਾ ਹੈ ਜਿਸ ਉਪਰ ਸਰਬ ਲੋਹ ਦਾ ਖੰਡਾ ਹੁੰਦਾ ਹੈ । ਨਿਸ਼ਾਨ ਸਾਹਿਬ ਨੂੰ ਕੇਸਰੀ (ਬਸੰਤੀ) ਰੰਗ ਜਾਂ ਸੁਰਮਈ ਰੰਗ ਦਾ ਚੋਲਾ ਚੜ੍ਹਾਇਆ ਜਾਂਦਾ ਹੈ ।

ਨਗਰ ਕੀਰਤਨ—ਉਹ ਕੀਰਤਨ ਜੋ ਨਗਰ (ਸ਼ਹਿਰ) ਵਿਚ ਫਿਰਕੇ ਕੀਤਾ ਜਾਵੇ । ਇਹ ਆਮ ਤੌਰ ਤੇ ਕਿਸੇ ਪੁਰਬ ਦਿਹਾੜੇ ਤੇ ਕੀਤਾ ਜਾਂਦਾ ਹੈ ।

ਨਗਾਰਾ—ਉਹ ਧੌਂਸਾ ਜੋ ਯੁੱਧ ਸ਼ੁਰੂ ਹੋਣ ਵੇਲੇ ਵਜਾਇਆ ਜਾਂਦਾ ਹੈ । ਗੁਰੂ ਗੋਬਿੰਦ ਸਿੰਘ ਜੀ ਨੇ ਰਣਜੀਤ ਨਗਾਰਾ ਬਨਵਾਇਆ ਸੀ ।

ਪ੍ਰਸ਼ਾਦਾ—ਸਿੱਖ ਧਰਮ ਵਿਚ ਰੋਟੀ ਨੂੰ ਪ੍ਰਸ਼ਾਦਾ ਕਿਹਾ ਜਾਂਦਾ ਹੈ ।

ਪੌਣਾ—ਉਹ ਚੁਬੱਚਾ ਜਿਸ ਵਿਚ ਪੈਰ ਧੋ ਕੇ ਗੁਰ ਅਸਥਾਨ ਦੇ ਦਰਸ਼ਨ ਕਰਨ ਲਈ ਅੰਦਰ ਜਾਈਦਾ ਹੈ ।

ਪੰਗਤ—ਲੰਗਰ ਛਕਣ ਵੇਲੇ ਇਕ ਕਤਾਰ (ਲਾਈਨ) ਵਿਚ ਬੈਠਣ ਨੂੰ ਪੰਗਤ ਕਹਿੰਦੇ ਹਨ । ਗੁਰੂ ਅਮਰਦਾਸ ਜੀ ਵੇਲੇ ਬਾਹਰੋਂ ਆਉਣ ਵਾਲਿਆਂ ਲਈ ਹੁਕਮ ਸੀ ਕਿ ਪਹਿਲਾਂ ਪੰਗਤ ਪਾਛੈ ਸੰਗਤ । ਇੱਥੇ ਪੰਗਤ ਤੋਂ ਭਾਵ ਲੰਗਰ ਤੇ ਸੰਗਤ ਤੋਂ ਭਾਵ ਸਤਿਸੰਗ ਹੈ ।

ਪ੍ਰਕਰਮਾ—ਧਰਮ ਅਸਥਾਨ ਦੇ ਚਾਰੇ ਪਾਸੇ ਚਲਣ ਲਈ ਬਣੇ ਰਸਤੇ ਨੂੰ ਪ੍ਰਕਰਮਾ ਆਖਦੇ ਹਨ ।

Sri Satguru Jagjit Singh Ji eLibrary NamdhariElibrary@gmail.com

ਆਪਾ ਸੁਆਰਨ ਦੀ ਲੋੜ

ਆਓ ! ਆਪਣੇ ਬੱਚਿਆਂ ਨੂੰ ਸੰਭਾਲੀਏ । ਉਹ ਪੰਥ ਦਾ ਭਵਿੱਖ ਹਨ । ਉਹਨਾਂ ਨੂੰ ਆਪਣੀ ਕਲਚਰ ਅਤੇ ਆਪਣੀ ਪ੍ਰੰਪਰਾ ਦੀ ਜਾਣਕਾਰੀ ਦੇਣ ਦਾ ਪ੍ਰਬੰਧ ਕਰੀਏ । ਉਹਨਾਂ ਨੂੰ ਪੰਜਾਬੀ ਪੜ੍ਹਾਈਏ । ਗੁਰਬਾਣੀ ਦੇ ਚਰਨੀਂ ਲਾਈਏ । ਗੁਰਬਾਣੀ ਦੇ ਅਰਥ ਸਿਖਲਾਉਣ ਦਾ ਬੰਦੋਬਸਤ ਕਰੀਏ । ਸਿੱਖ ਇਤਿਹਾਸ ਦੇ ਗੌਰਵ ਨਾਲ ਉਹਨਾਂ ਨੂੰ ਜਾਣੂ ਕਰਵਾਈਏ । ਉਹਨਾਂ ਨੂੰ ਵੱਧ ਤੋਂ ਵੱਧ ਵਿਦਿਆ ਪ੍ਰਾਪਤ ਕਰਨ ਦਾ ਉਤਸ਼ਾਹ ਦੇਈਏ ਤਾਂ ਜੋ ਉਹ ਏਡੇ ਵਿਦਵਾਨ ਹੋਣ ਕਿ ਵਿਤਕਰੇ ਦੇ ਬਾਵਜੂਦ ਅਗਾਂਹ ਵਧ ਸਕਣ । ਕੇਵਲ ਇਕੋ ਥਾਂ ਦੀ ਝਾਕ ਨਾ ਰਖੋ। ਉਹ ਸਾਰੇ ਸੰਸਾਰ ਵਿਚ ਨਾਮਣਾ ਖੱਟ ਸਕਦੇ ਹਨ । ਇਸ ਜੋਗਾ ਉਹਨਾਂ ਨੂੰ ਕਰੋ ।

ਇਹ ਦੋ ਕੰਮ ਯਹੂਦੀਆਂ ਨੇ ਕੀਤੇ ਸਨ । ਦੋ ਹਜ਼ਾਰ ਸਾਲ ਉਹ ਸੰਸਾਰ ਭਰ ਵਿਚ ਮਾਰੇ ਮਾਰੇ ਫਿਰਦੇ ਰਹੇ । ਹਰ ਪਾਸਿਓਂ ਉਹਨਾਂ ਨੂੰ ਬਦਨਾਮ ਕੀਤਾ ਗਿਆ, ਉਹਨਾਂ ਉਤੇ ਅਸਹਿ ਤੇ ਅਕਹਿ ਜ਼ੁਲਮ ਢਾਏ ਗਏ । ਉਹਨਾਂ ਇਹ ਦੋ ਫੈਸਲੇ ਕੀਤੇ ਕਿ ਉਹ ਆਪਣੀ ਕਲਚਰ ਆਪਣੇ ਬੱਚਿਆਂ ਤੀਕ ਅਵੱਸ਼ ਪੁਚਾਉਣਗੇ, ਤੇ ਆਪਣੇ ਬੱਚਿਆਂ ਨੂੰ ਉੱਚੀ ਤੋਂ ਉੱਚੀ ਤਲੀਮ ਦੇਣਗੇ । ਇਹਨਾਂ ਫੈਸਲਿਆਂ ਸਦਕਾ ਅਜ ਉਹ ਸੰਸਾਰ ਭਰ ਵਿਚ ਸਨਮਾਨ ਦਾ ਅਸਥਾਨ ਪ੍ਰਾਪਤ ਕਰੀ ਬੈਠੇ ਹਨ ।

ਆਓ ! ਅੱਜ ਅਸੀਂ ਸਾਰੇ ਇਹ ਪ੍ਰਣ ਲਈਏ ਕਿ ਆਪਣੇ ਆਪ ਨੂੰ ਸਵਾਰਨ ਦੇ ਕੰਮ ਵਿਚ ਲਗ ਜਾਵਾਂਗੇ । ਕੋਈ ਐਸਾ ਕੰਮ ਨਹੀਂ ਕਰਾਂਗੇ, ਜਿਸ ਨਾਲ ਪੰਥ ਦੇ ਵਕਾਰ ਨੂੰ ਧੱਕਾ ਲੱਗੇ । ਆਪਣੇ ਕਿਸੇ ਹਿੱਤ ਤੋਂ ਪੰਥ ਦੇ ਸਮੂਹਕ ਹਿੱਤ ਨੂੰ ਕੁਰਬਾਨ ਨਹੀਂ ਕਰਾਂਗੇ । ਆਪਣੇ ਬੱਚਿਆਂ ਨੂੰ ਸੰਭਾਲਾਂਗੇ, ਉਹਨਾਂ ਨੂੰ ਗੁਰੂ ਜੋਗਾ ਵੀ ਕਰਾਂਗੇ ਤੇ ਸੰਸਾਰ ਵਿਚ ਉਪਰ ਉਠਣ ਜੋਗਾ ਵੀ, ਜਿਸ ਨਾਲ ਪੰਥ ਦਾ ਨਾਮ ਰੋਸ਼ਨ ਹੋ ਸਕੇ ।

ਜੇਕਰ ਅਸੀਂ ਆਪਾ ਸੁਆਰਨ ਦੇ ਕਾਰਜ ਦੀ ਲਹਿਰ ਤੋ
ਮੁੜ ਸਤਿਗੁਰੂ ਦੀ ਵੱਡਮੁੱਲੀ ਪ੍ਰਤੀਤ ਹੋ ਜਾਵੇਗੀ ਕਿਉਂਕਿ ਸਾਨੂੰ
ਹੈ :

ਆਪ ਸਵਾਰਹਿ ਮੈ ਮਿਲਹਿ, ਮੈ ਮਿਲਿਆਂ ਸੁਖੁ ਹੋ
ਫਰੀਦਾ ਜੇ ਤੂੰ ਮੇਰਾ ਹੋਇ ਰਹਹਿ, ਸਭ ਜਗ ਤੇਰਾ

(ਸਲੋਕ ਫਰੀਦ : ਪੰਨਾ ੧੩੮

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ

Sri Satguru Jagjit Singh Ji eLibrary NamdhariElibrary@gmail.com